## ਅਧਿਆਇ 48

# ਯਾਕੂਬ ਦਾ ਆਖ਼ਰੀ ਸਮਾਂ

ਉਤਪਤ ਦਾ ਬਿਰਤਾਂਤ ਯਾਕੂਬ ਦੇ ਮਿਸਰ ਵਿਚ ਬਿਤਾਏ ਗਏ ਸਾਲਾਂ ਬਾਰੇ ਬਹੁਤ ਹੀ ਘੱਟ ਗੱਲ ਕਰਦਾ ਹੈ; ਪਰ ਇਹ ਜ਼ਰੂਰ ਦੱਸਦਾ ਹੈ ਕਿ ਜਦੋਂ ਉਹ ਆਪਣੇ ਜੀਵਨ ਦੇ ਅੰਤ ਦੇ ਨੇੜੇ ਪਹੁੰਚ ਗਿਆ, ਤਾਂ ਯੂਸੁਫ਼ ਉਸ ਦੇ ਕੋਲ ਆਇਆ ਜਿਹੜਾ ਕਿ ਆਪਣੇ ਦੋ ਪੁੱਤਰਾਂ, ਮਨੱਸ਼ਹ ਅਤੇ ਇਫ਼ਰਾਈਮ ਨੂੰ ਵੀ ਨਾਲ ਲੈ ਕੇ ਆਇਆ। ਉਨ੍ਹਾਂ ਨੇ ਯਾਕੂਬ ਦੇ ਮਰਨ ਤੋਂ ਪਹਿਲਾਂ ਉਸ ਦੇ ਕੋਲੋਂ ਅਸੀਸਾਂ ਪ੍ਰਾਪਤ ਕਰਨੀਆਂ ਸਨ।

## ਯਾਕੂਬ ਦੁਆਰਾ ਯੂਸੁਫ਼ ਦੇ ਦੋਹਾਂ ਪੁੱਤਰਾਂ ਨੂੰ ਬਾਰਾਂ ਵਿੱਚ ਸ਼ਾਮਲ ਕਰਨਾ (48:1-7)

**1ਏਹਨਾਂ ਗੱਲਾਂ ਦੇ ਪਿੱਛੋਂ ਐਉਂ ਹੋਇਆ ਕਿ ਕਿਸੇ ਨੇ ਯੂਸੁਫ਼ ਨੂੰ ਆਖਿਆ ਵੇਖੋ ਤੁਹਾਡਾ ਪਿਤਾ ਬੀਮਾਰ ਹੈ। ਤਾਂ ਉਸ ਨੇ ਆਪਣੇ ਦੋਹਾਂ ਪੁੱਤ੍ਰਾਂ ਮਨੱਸ਼ਹ ਅਰ ਇਫਰਾਈਮ ਨੂੰ ਆਪਣੇ ਸੰਗ ਲਿਆ।**
**2ਕਿਸੇ ਨੇ ਯਾਕੂਬ ਨੂੰ ਦੱਸਿਆ ਕਿ ਵੇਖੋ ਤੁਹਾਡਾ ਪੁੱਤ੍ਰ ਯੂਸੁਫ਼ ਤੁਹਾਡੇ ਕੋਲ ਆਉਂਦਾ ਹੈ ਤਾਂ ਇਸਰਾਏਲ ਆਪਣੇ ਤਾਈਂ ਤਕੜਾ ਕਰ ਕੇ ਆਪਣੇ ਮੰਜੇ ਉੱਤੇ ਬੈਠ ਗਿਆ। 3ਯਾਕੂਬ ਨੇ ਯੂਸੁਫ਼ ਨੂੰ**
**ਆਖਿਆ, ਸਰਬ-ਸ਼ਕਤੀਮਾਨ ਪਰਮੇਸ਼ੁਰ ਨੇ ਮੈਨੂੰ ਕਨਾਨ ਦੇਸ ਵਿੱਚ ਲੂਜ਼ ਕੋਲ ਦਰਸ਼ਨ ਦਿੱਤਾ ਅਤੇ ਮੈਨੂੰ ਬਰਕਤ ਦਿੱਤੀ 4ਅਰ ਮੈਨੂੰ ਆਖਿਆ, ਵੇਖ ਮੈਂ ਤੈਨੂੰ ਫਲਵੰਤ ਕਰਾਂਗਾ ਅਤੇ ਤੈਨੂੰ**
**ਵਧਾਵਾਂਗਾ ਅਰ ਤੈਥੋਂ ਢੇਰ ਸਾਰੀਆਂ ਕੌਮਾਂ ਬਣਾਵਾਂਗਾ ਅਤੇ ਤੇਰੇ ਮਗਰੋਂ ਏਹ ਦੇਸ ਸਦਾ ਲਈ ਤੇਰੀ ਅੰਸ ਦੀ ਮਿਲਖ ਕਰਾਂਗਾ। 5ਹੁਣ ਤੇਰੇ ਦੋ ਪੁੱਤ੍ਰ ਜਿਹੜੇ ਤੈਥੋਂ ਮਿਸਰ ਦੇਸ ਵਿੱਚ ਮੇਰੇ ਮਿਸਰ**
**ਵਿੱਚ ਤੇਰੇ ਕੋਲ ਆਉਣ ਤੋਂ ਪਹਿਲਾਂ ਜੰਮੇ ਮੇਰੇ ਹਨ। ਰਊਬੇਨ ਅਰ ਸ਼ਿਮਓਨ ਵਾਂਙੁ ਇਫ਼ਰਾਈਮ ਅਰ ਮਨੱਸ਼ਹ ਮੇਰੇ ਹਨ। 6ਅਤੇ ਉਨ੍ਹਾਂ ਦੇ ਪਿੱਛੇ ਜਿਹੜੀ ਅੰਸ ਤੈਥੋਂ ਜੰਮੇਗੀ ਉਹ ਤੇਰੀ ਹੋਵੇਗੀ**
**ਓਹ ਆਪਣੀ ਮਿਲਖ ਵਿੱਚ ਆਪਣੇ ਭਰਾਵਾਂ ਦੇ ਨਾਉਂ ਤੋਂ ਪੁਕਾਰੀ ਜਾਵੇਗੀ। 7ਮੈਂ ਜਦ ਪਦਨ ਤੋਂ**
**ਆ ਰਿਹਾ ਸੀ ਤਾਂ ਰਸਤੇ ਵਿੱਚ ਜਾਂ ਅਫਰਾਤ ਥੋੜੀ ਦੂਰ ਰਹਿ ਗਿਆ ਕਨਾਨ ਦੇ ਦੇਸ ਵਿੱਚ ਰਾਖੇਲ ਮੇਰੇ ਕੋਲ ਮਰ ਗਈ ਅਰ ਮੈਂ ਉਸ ਨੂੰ ਉੱਥੇ ਹੀ ਅਫਰਾਤ [ਅਰਥਾਤ ਬੈਤਲਹਮ] ਦੇ ਰਸਤੇ ਵਿੱਚ ਦੱਬ ਦਿੱਤਾ।**

**ਆਇਤ 1.** ਯਾਕੂਬ ਦੇ ਮਰਨ ਦੇ ਦਿਨ ਨੇੜੇ ਆਉਣ ਦਾ ਹਵਾਲਾ ਪਹਿਲਾਂ ਹੀ 47:29 ਵਿਚ ਦਿੱਤਾ ਗਿਆ ਹੈ; ਫਿਰ ਵੀ, ਬਹੁਤ ਸਾਰੇ ਬੁੱਢੇ ਵਿਅਕਤੀ ਜੋ ਕਿ ਮੌਤ ਦੇ ਨੇੜੇ ਜਾਪਦੇ ਸਨ ਇਸ ਦੁਨੀਆ ਤੋਂ ਦੂਜੀ ਦੁਨੀਆ ਵਿਚ ਜਾਣ ਤੋਂ ਪਹਿਲਾਂ ਕਾਫ਼ੀ ਦੇਰ ਤੱਕ ਜੀਉਂਦੇ ਰਹੇ। ਮੂਲ ਲਿਖਤ 47:29-31 ਅਤੇ 48:1-22 ਦੇ ਬਿਰਤਾਂਤਾਂ ਨੂੰ ਆਪਸ ਵਿਚ ਜੋੜਨ ਦੇ ਲਈ ਵਿਸ਼ੇਸ਼ ਸਮੇਂ ਦਾ ਸੰਕੇਤ ਨਹੀਂ ਦਿੰਦੀ। ਬਲਕਿ, 48:1 ਸਾਧਾਰਣ ਗੱਲ ਨਾਲ ਸ਼ੁਰੂ ਹੁੰਦੀ ਹੈ ਕਿ **ਏਹਨਾਂ ਗੱਲਾਂ ਦੇ ਪਿੱਛੋਂ ਐਉਂ ਹੋਇਆ**।

ਇਸ ਮੌਕੇ ਤੇ, **ਯੂਸੁਫ਼ ਨੂੰ** ਖ਼ਬਰ ਮਿਲੀ ਕਿ ਉਸ ਦਾ ਪਿਤਾ ਬੀਮਾਰ ਹੈ; ਉਸ ਦੀ ਸਿਹਤ

ਵਿਗੜਦੀ ਜਾ ਰਹੀ ਸੀ। “ਬੀਮਾਰ” (חָלָה, *ਚਾਲਾਹ)* ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਸ ਦਾ ਅਰਥ “ਨਿਰਬਲ” ਵੀ ਹੋ ਸਕਦਾ ਹੈ (ਨਿਆਈਆਂ 16:7, 11, 17)। ਕਿਉਂਕਿ ਯਾਕੂਬ ਲਗਭਗ 147 ਵਰਿਹਾਂ ਦਾ ਸੀ (47:28), ਯੂਸੁਫ਼ ਨੇ ਸੋਚਿਆ ਕਿ ਸਥਿਤੀ ਗੰਭੀਰ ਸੀ, ਸੰਭਵ ਤੌਰ ਤੇ ਬਿਰਧ ਪੁਰਖਾ ਮਰਨ ਵਾਲਾ ਸੀ। ਇਸ ਲਈ, ਯੂਸੁਫ਼ ਨੇ **ਆਪਣੇ ਦੋਹਾਂ ਪੁੱਤ੍ਰਾਂ ਮਨੱਸ਼ਹ ਅਰ ਇਫਰਾਈਮ ਨੂੰ ਆਪਣੇ ਸੰਗ ਲਿਆ** ਅਤੇ ਆਪਣੇ ਪਿਤਾ ਨੂੰ ਮਿਲਣ ਦੇ ਲਈ ਗਿਆ।

**ਆਇਤ 2.** ਜਦੋਂ **ਯਾਕੂਬ** (ਇਸਰਾਏਲ) ਨੂੰ ਪਤਾ ਲੱਗਾ ਕਿ ਯੂਸੁਫ਼ ਉਸ ਨੂੰ ਮਿਲਣ ਦੇ ਲਈ ਆਇਆ ਹੈ, ਤਾਂ ਇਸਰਾਏਲ **ਆਪਣੇ ਤਾਈਂ ਤਕੜਾ ਕਰ ਕੇ** ਜਾਂ ਸ਼ਕਤੀ ਜੁਟਾ ਕੇ (NIV) **ਆਪਣੇ ਮੰਜੇ ਉੱਤੇ ਬੈਠ ਗਿਆ** (ਵੇਖੋ 47:31; 49:33)।

**ਆਇਤ 3.** ਹਾਲਾਂਕਿ ਯਾਕੂਬ ਦੀ ਸਿਹਤ ਵਿਗੜਦੀ ਜਾ ਰਹੀ ਸੀ, ਉਸ ਦੀ ਯਾਦਾਸ਼ਤ ਹਾਲੇ ਵੀ ਕਾਫੀ ਤੇਜ਼ ਸੀ। ਉਸ ਨੇ ਉਨ੍ਹਾਂ ਵਾਅਦਿਆਂ ਨੂੰ ਚੇਤੇ ਕੀਤਾ ਜੋ ਯਹੋਵਾਹ ਨੇ ਬੈਤਏਲ ਵਿਚ ਕਈ ਸਾਲ ਪਹਿਲਾਂ ਉਸ ਦੇ ਨਾਲ ਕੀਤੇ ਸਨ। ਜਦੋਂ ਉਸ ਨੇ ਯੂਸੁਫ਼ ਨੂੰ ਇਨ੍ਹਾਂ ਦੇ ਬਾਰੇ ਦੱਸਿਆ, ਉਸ ਨੇ ਇਹ ਕਹਿੰਦੇ ਹੋਏ ਆਪਣੀ ਗੱਲ ਦੀ ਸ਼ੁਰੂਆਤ ਕੀਤੀ ਕਿ **ਸਰਬ-ਸ਼ਕਤੀਮਾਨ** [אֵל שַׁדַּי, *ਏਲ ਸ਼ਦਾਈ]* **ਪਰਮੇਸ਼ੁਰ ਨੇ ਮੈਨੂੰ ਕਨਾਨ ਦੇਸ ਵਿੱਚ ਲੂਜ਼** [*ਬੈਤਏਲ]* **ਕੋਲ ਦਰਸ਼ਨ ਦਿੱਤਾ ਅਤੇ ਮੈਨੂੰ ਬਰਕਤ ਦਿੱਤੀ** (ਵੇਖੋ 35:6-12)।

**ਆਇਤ 4.** ਯਾਕੂਬ ਨੇ ਉਨ੍ਹਾਂ ਗਲਤੀਆਂ ਦਾ ਜ਼ਿਕਰ ਨਹੀਂ ਕੀਤਾ ਜੋ ਉਸ ਨੇ ਬੀਤੇ ਸਾਲਾਂ ਵਿਚ ਕੀਤੀਆਂ ਸਨ। ਉਸ ਨੇ ਇਕ ਦਾਲ ਦੀ ਕੌਲੀ ਦੇ ਬਦਲੇ ਆਪਣੇ ਭਰਾ ਏਸਾਓ ਕੋਲੋਂ ਉਸ ਦੇ ਜੇਠੇ ਹੋਣ ਦਾ ਹੱਕ ਲੈਣ ਦੇ ਲਈ ਉਸ ਨਾਲ ਧੋਖਾ ਕਰਨ, ਉਸ ਦੀ ਬਰਕਤ ਨੂੰ ਪ੍ਰਾਪਤ ਕਰਨ ਦੇ ਲਈ ਆਪਣੇ ਪਿਤਾ ਨਾਲ ਝੂਠ ਬੋਲਣ ਅਤੇ ਧੋਖਾ ਦੇਣ, ਜਾਂ ਉਸ ਦੇ ਪਰਿਵਾਰ ਦੇ ਹੋਰਨਾਂ ਜੀਆਂ ਨੂੰ ਛੱਡ ਰਾਖੇਲ ਅਤੇ ਉਸ ਦੇ ਪੁੱਤਰਾਂ ਨਾਲ ਤਰਫ਼ਦਾਰੀ ਕਰਨ ਬਾਰੇ ਕੁਝ ਨਹੀਂ ਆਖਿਆ। ਉਹ ਹੋਰ ਵੀ ਬਹੁਤ ਸਾਰੇ ਨੈਤਿਕ ਅਤੇ ਆਤਮਿਕ ਅਪਰਾਧਾਂ ਦੇ ਲਈ ਮਾਫ਼ੀ ਮੰਗ ਸਕਦਾ ਸੀ, ਪਰ ਇਸ ਸਮੇਂ ਯਾਕੂਬ ਦਾ ਜ਼ੋਰ ਪਰਮੇਸ਼ੁਰ ਦੀ ਭਰਪੂਰ ਕਿਰਪਾ ਤੇ ਸੀ। ਉਨ੍ਹਾਂ ਗੱਲਾਂ ਨੂੰ ਦੁਹਰਾਏ ਬਿਨਾਂ, ਉਹ ਕਹਿ ਰਿਹਾ ਸੀ, “ਪਿਛਲੇ ਕੁਝ ਸਾਲਾਂ ਵਿਚ ਮੈਂ ਜੋ ਕੁਝ ਵੀ ਕੀਤਾ ਹੈ ਉਸ ਦੇ ਬਾਵਜੂਦ ਪਰਮੇਸ਼ੁਰ ਨੇ ਮੈਨੂੰ ਬਰਕਤ ਦਿੱਤੀ ਹੈ।”

ਪਰਮੇਸ਼ੁਰ ਨੇ ਯਾਕੂਬ ਨਾਲ ਵਾਅਦਾ ਕੀਤਾ ਸੀ ਕਿ ਮੈਂ **ਤੈਨੂੰ ਫਲਵੰਤ ਕਰਾਂਗਾ ਅਤੇ ਤੈਨੂੰ ਵਧਾਵਾਂਗਾ**, **ਤੈਥੋਂ ਢੇਰ ਸਾਰੀਆਂ ਕੌਮਾਂ ਬਣਾਵਾਂਗਾ** ਅਤੇ **ਏਹ ਦੇਸ ਸਦਾ ਲਈ** [עוֹלָם, *ਓਲਾਮ*[1]] **ਤੇਰੀ ਅੰਸ ਦੀ ਮਿਲਖ ਕਰਾਂਗਾ।** ਹੁਣ ਉਸ ਦੇ ਕੋਲ ਇਹ ਨਵਾਂ ਨਾਮ (“ਇਸਰਾਏਲ”) ਸੀ, ਇਕ ਨਵੀਂ ਆਸ ਸੀ ਅਤੇ ਇਕ ਨਵੀਂ ਮੰਜਿਲ ਸੀ। ਉਨ੍ਹਾਂ ਵਾਅਦਿਆਂ ਦੇ ਬਾਰੇ ਸੋਚਦਿਆਂ ਜੋ ਪਰਮੇਸ਼ੁਰ ਨੇ ਉਸ ਨਾਲ ਕੀਤੇ ਸਨ, ਯਾਕੂਬ ਨੇ ਯੂਸੁਫ਼ ਨੂੰ ਚੇਤੇ ਕਰਾਇਆ ਕਿ ਮਿਸਰ ਉਸ ਦੇ ਪਰਿਵਾਰ ਦਾ ਅਸਲੀ ਘਰ ਨਹੀਂ ਸੀ। ਹਾਲਾਂਕਿ ਫ਼ਿਰਊਨ ਨੇ ਉਨ੍ਹਾਂ ਨੂੰ ਬਹੁਤ ਸਾਰੇ ਪਦਾਰਥ ਦਿੱਤੇ ਸਨ, ਕਨਾਨ ਉਹ ਦੇਸ ਸੀ ਜਿਹੜਾ ਪਰਮੇਸ਼ੁਰ ਨੇ ਉਨ੍ਹਾਂ ਨੂੰ ਅਬਰਾਹਾਮ ਦੀ ਜਾਇਜ਼ ਸੰਤਾਨ ਵਜੋਂ ਉਨ੍ਹਾਂ ਨੂੰ ਦੇਣ ਦਾ ਵਾਅਦਾ ਕੀਤਾ ਸੀ।

**ਆਇਤ 5.** ਦੂਜੀ ਗੱਲ, ਯਾਕੂਬ ਨੇ ਯੂਸੁਫ਼ ਦੇ **ਦੋ ਪੁੱਤ੍ਰਾਂ** ਬਾਰੇ ਗੱਲ ਕੀਤੀ ਜਿਹੜੇ **ਮਿਸਰ ਦੇਸ ਵਿੱਚ** [ਉਸ ਤੋਂ ਅਤੇ ਆਸਨਥ ਤੋਂ] **ਜੰਮੇ ਸਨ** (ਵੇਖੋ 41:50-52)। ਉਸ ਨੇ ਦਾਅਵੇ ਨਾਲ ਕਿਹਾ ਕਿ **ਇਫ਼ਰਾਈਮ ਅਤੇ ਮਨੱਸ਼ਹ**[2] ਨੂੰ ਉਸ ਦੇ ਆਪਣੇ ਪੁੱਤਰਾਂ ਵਜੋਂ ਗੋਦ ਲੈਣ ਦੇ ਲਈ ਉਸ ਦੇ ਕੋਲ ਰੱਬੀ ਇਖ਼ਤਿਆਰ ਸੀ, ਹਾਲਾਂਕਿ ਉਹ ਅਸਲ ਵਿਚ ਉਸ ਦੇ ਪੋਤਰੇ ਸਨ,[3] ਕਿਉਂਕਿ ਪਰਮੇਸ਼ੁਰ ਨੇ ਉਸ ਨੂੰ ਅਬਰਾਹਾਮ ਦਾ ਵਾਅਦਾ ਦਿੱਤਾ ਸੀ। ਅਸਲ ਵਿਚ, ਯਾਕੂਬ ਉਸ ਦੇ

ਆਪਣੇ ਪੁੱਤਰਾਂ ਦੇ ਰੁਤਬੇ ਨੂੰ ਰੱਦ ਕਰ ਰਿਹਾ ਸੀ ਜਿਹੜੇ ਜੇਠਾ ਹੋਣ ਦੇ ਹੱਕ ਦੀ ਅਸੀਸ ਦੇ ਅਸਲੀ ਹੱਕਦਾਰ ਸਨ। ਇਹ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਸੀ (34:25-30; 35:22; 49:3-7; 1 ਇਤਹਾਸ 5:1, 2)। ਉਤਪਤ ਦਾ ਲੇਖਕ ਭਵਿੱਖ ਵਿਚ ਆਉਣ ਵਾਲੇ ਪਾਠਕਾਂ ਨੂੰ ਦੱਸ ਰਿਹਾ ਸੀ ਕਿ ਕਿਵੇਂ ਇਫ਼ਰਾਈਮ ਅਤੇ ਮਨੱਸ਼ਹ ਇਸਰਾਏਲ ਦੇ ਦੋ ਗੋਤਾਂ ਦੇ ਮੁਖੀ ਗਿਣੇ ਗਏ ਅਤੇ ਆਖ਼ਰਕਾਰ ਕਿਵੇਂ ਉਨ੍ਹਾਂ ਦੋਹਾਂ ਨੂੰ ਮਿਲਖ ਦੇ ਰੂਪ ਵਿਚ ਵਾਅਦੇ ਦੇ ਦੇਸ ਦਾ ਵੱਖ-ਵੱਖ ਇਲਾਕਾ[4] ਮਿਲਿਆ ਸੀ।

**ਆਇਤ 6.** ਯਾਕੂਬ ਨੇ ਅੱਗੇ ਯੂਸੁਫ਼ ਨੂੰ ਇਹ ਦੱਸਿਆ ਕਿ ਇਸ ਦੇ ਪਿੱਛੋਂ ਜੋ ਕੋਈ ਵੀ ਸੰਤਾਨ ਤੈਥੋਂ ਜੰਮੇਗੀ ਉਸ ਨੂੰ ਉਸ ਦੀ ਆਪਣੀ ਸੰਤਾਨ ਵਜੋਂ ਗਿਣਿਆ ਜਾਵੇਗਾ। ਜਦ ਕਦੇ ਵੀ ਇਸਰਾਏਲ ਵਾਅਦੇ ਦੇ ਦੇਸ ਵਿਚ ਆਵੇਗਾ, **ਓਹ ਆਪਣੀ ਮਿਲਖ ਵਿੱਚ ਆਪਣੇ ਭਰਾਵਾਂ ਦੇ ਨਾਉਂ ਤੋਂ ਪੁਕਾਰੇ** ਜਾਣਗੇ। ਦੂਜੇ ਸ਼ਬਦਾਂ ਵਿਚ, ਉਨ੍ਹਾਂ ਦੇ ਮਗਰੋਂ ਯੂਸੁਫ਼ ਤੋਂ ਜੋ ਕੋਈ ਵੀ ਸੰਤਾਨ ਜੰਮੇਗੀ ਉਹ ਇਫ਼ਰਾਈਮ ਅਤੇ ਮਨੱਸ਼ਹ ਦੇ ਕਬੀਲੀ ਇਲਾਕਿਆਂ ਵਿਚ ਰਹੇਗੀ।

**ਆਇਤ 7.** ਇਫ਼ਰਾਈਮ ਅਤੇ ਮਨੱਸ਼ਹ ਦੇ ਉਸ ਦੇ ਗੋਦ ਲੈਣ ਨੂੰ ਸਹੀ ਠਹਿਰਾਉਣ ਦੇ ਲਈ, ਯਾਕੂਬ ਨੇ ਬੀਤੇ ਸਮੇਂ ਦੀਆਂ ਘਟਨਾਵਾਂ ਨੂੰ ਚੇਤੇ ਕੀਤਾ। ਉਸ ਦਾ ਮਨ ਪਿੱਛੇ ਉਸ ਘਟਨਾ ਵੱਲ ਚਲਾ ਗਿਆ ਜਦੋਂ ਉਸ ਦਾ ਪਰਿਵਾਰ **ਪਦਨ** (ਅਰਾਮ), ਅਰਥਾਤ, ਹਾਰਾਨ ਦੇ ਇਲਾਕੇ **ਤੋਂ ਆ ਰਿਹਾ ਸੀ**; ਉਸ ਦੇ ਲਈ ਵੱਡੇ **ਦੁੱਖ** ਦੀ ਗੱਲ ਇਹ ਹੋਈ ਕਿ ਉਸ ਦੀ ਪਿਆਰੀ ਪਤਨੀ **ਰਾਖੇਲ ਕਨਾਨ ਦੇ ਦੇਸ ਵਿੱਚ ... ਮਰ ਗਈ**। ਇਹ **ਰਸਤੇ ਵਿਚ** ਹੋਇਆ ਸੀ, ਜਦੋਂ **ਅਫਰਾਤ** (ਜਾਂ **ਬੈਤਲਹਮ**) **ਥੋੜੀ ਦੂਰ ਰਹਿ ਗਿਆ ਸੀ**। ਉਹ ਨੇ **ਉਸ ਨੂੰ ਉੱਥੇ ਹੀ ਅਫਰਾਤ ਦੇ ਰਸਤੇ ਵਿੱਚ ਦੱਬ ਦਿੱਤਾ** ਸੀ (35:16-20)। ਯਾਕੂਬ ਨੇ ਯੂਸੁਫ਼ ਨੂੰ ਇਹ ਕਹਾਣੀ ਇਹ ਜ਼ੋਰ ਦੇਣ ਦੇ ਲਈ ਦੱਸੀ ਸੀ ਕਿ ਉਸ ਦੀ ਮਾਂ ਦੀ ਬੇਵਕਤ ਮੌਤ ਨੇ ਉਸ ਦੇ ਰਾਹੀਂ ਹੋਰ ਪੁੱਤਰਾਂ ਦੇ ਜੰਮਣ ਦੀ ਸੰਭਾਵਨਾ ਨੂੰ ਖਤਮ ਕਰ ਦਿੱਤਾ ਸੀ। ਇਸ ਲਈ, ਯਾਕੂਬ ਨੇ ਪ੍ਰਤੀਨਿਧੀ ਦੁਆਰਾ ਯੂਸੁਫ਼ ਦੇ ਪੁੱਤਰਾਂ ਨੂੰ ਉਸ ਦੇ ਆਪਣੇ ਪੁੱਤਰ ਗਿਣਿਆ ਸੀ ਅਤੇ ਉਸ ਨੇ ਰਾਖੇਲ ਦੇ ਗੋਤਾਂ ਦੀ ਗਿਣਤੀ ਨੂੰ ਵਧਾ ਦਿੱਤਾ।[5]

## ਇਫ਼ਰਾਈਮ ਅਤੇ ਮਨੱਸ਼ਹ ਨੂੰ ਅਸੀਸ (48:8-22)

**8ਏਹ ਹੀ ਬੈਤਲਹਮ ਹੈ। ਫੇਰ ਇਸਰਾਏਲ ਨੇ ਯੂਸੁਫ਼ ਦੇ ਪੁੱਤ੍ਰਾਂ ਨੂੰ ਵੇਖ ਕੇ ਆਖਿਆ, ਏਹ ਕੌਣ ਹਨ? 9ਯੂਸੁਫ਼ ਨੇ ਆਪਣੇ ਪਿਤਾ ਨੂੰ ਆਖਿਆ, ਏਹ ਮੇਰੇ ਪੁੱਤ੍ਰ ਹਨ ਜਿਹੜੇ ਪਰਮੇਸ਼ੁਰ ਨੇ ਮੈਨੂੰ ਏਥੇ ਦਿੱਤੇ। ਓਸ ਆਖਿਆ, ਉਨ੍ਹਾਂ ਨੂੰ ਮੇਰੇ ਕੋਲ ਲਿਆ ਤਾਂ ਮੈਂ ਉਨ੍ਹਾਂ ਨੂੰ ਬਰਕਤ ਦਿਆਂਗਾ। 10ਪਰ ਇਸਰਾਏਲ ਦੀਆਂ ਅੱਖਾਂ ਬਿਰਧ ਹੋਣ ਦੇ ਕਾਰਨ ਧੁੰਧਲੀਆਂ ਹੋ ਗਈਆਂ ਸਨ ਜੋ ਉਹ ਵੇਖ ਨਾ ਸੱਕਿਆ ਅਤੇ ਉਹ ਉਨ੍ਹਾਂ ਨੂੰ ਉਸ ਦੇ ਕੋਲ ਲਿਆਇਆ ਤਾਂ ਉਸ ਨੇ ਉਨ੍ਹਾਂ ਨੂੰ ਚੁੰਮਿਆ ਅਤੇ ਉਨ੍ਹਾਂ ਨੂੰ ਗਲ ਲਾਇਆ। 11ਅਰ ਇਸਰਾਏਲ ਨੇ ਯੂਸੁਫ਼ ਨੂੰ ਆਖਿਆ, ਮੈਨੂੰ ਤਾਂ ਤੇਰਾ ਮੂੰਹ ਵੇਖਣ ਦੀ ਆਸ਼ਾ ਨਹੀਂ ਸੀ ਪਰ ਵੇਖ ਤੇਰੀ ਅੰਸ ਵੀ ਪਰਮੇਸ਼ੁਰ ਨੇ ਮੈਨੂੰ ਵਿਖਾਲ ਦਿੱਤੀ ਹੈ। 12ਤਾਂ ਯੂਸੁਫ਼ ਨੇ ਉਨ੍ਹਾਂ ਨੂੰ ਆਪਣੇ ਗੋਡਿਆਂ ਵਿੱਚੋਂ ਕੱਢਿਆਂ ਅਰ ਆਪਣਾ ਮੂੰਹ ਧਰਤੀ ਤੀਕ ਨਿਵਾਇਆ 13ਅਤੇ ਯੂਸੁਫ਼ ਨੇ ਉਨ੍ਹਾਂ ਦੋਹਾਂ ਨੂੰ ਲਿਆ। ਇਫ਼ਰਾਈਮ ਨੂੰ ਆਪਣੇ ਸੱਜੇ ਹੱਥ ਨਾਲ ਇਸਰਾਏਲ ਦੇ ਖੱਬੇ ਪਾਸੇ ਅਰ ਮਨੱਸ਼ਹ ਨੂੰ ਆਪਣੇ ਖੱਬੇ ਹੱਥ ਨਾਲ ਇਸਰਾਏਲ ਦੇ ਸੱਜੇ ਪਾਸੇ ਲਿਆਂਦਾ ਅਰ ਉਸ ਦੇ ਨੇੜੇ ਕੀਤਾ। 14ਤਾਂ ਇਸਰਾਏਲ ਨੇ ਆਪਣਾ ਸੱਜਾ ਹੱਥ ਲੰਮਾ ਕਰ ਕੇ ਇਫ਼ਰਾਈਮ ਦੇ ਸਿਰ ਉੱਤੇ ਜਿਹੜਾ ਨਿੱਕਾ ਪੁੱਤ੍ਰ ਸੀ ਧਰਿਆ ਅਰ ਆਪਣਾ ਖੱਬਾ ਹੱਥ ਮਨੱਸ਼ਹ ਦੇ ਸਿਰ ਉੱਤੇ। ਓਸ ਜਾਣ ਬੁੱਝ ਕੇ ਆਪਣੇ ਹੱਥ ਐਉਂ ਧਰੇ ਕਿਉਂਜੋ ਮਨੱਸ਼ਹ ਪਲੋਠਾ ਸੀ। 15ਅਰ ਉਸ ਨੇ ਯੂਸੁਫ਼ ਨੂੰ ਬਰਕਤ**

**ਦੇਕੇ ਆਖਿਆ, ਪਰਮੇਸ਼ੁਰ ਜਿਸ ਦੇ ਸਨਮੁਖ ਮੇਰਾ ਪਿਤਾ ਅਬਰਾਹਾਮ ਅਰ ਇਸਹਾਕ ਚੱਲਦੇ ਰਹੇ ਅਰ ਉਹ ਪਰਮੇਸ਼ੁਰ ਜਿਸ ਨੇ ਜੀਵਨ ਭਰ ਅੱਜ ਦੇ ਦਿਨ ਤੀਕ ਮੇਰੀ ਪਾਲਣਾ ਕੀਤੀ। [16]ਉਹ ਦੂਤ ਜਿਹੜਾ ਸਾਰੀ ਬੁਰਿਆਈ ਤੋਂ ਮੇਰਾ ਛੁਡਾਉਣ ਵਾਲਾ ਹੈ ਸੋ ਇਨ੍ਹਾਂ ਮੁੰਡਿਆਂ ਨੂੰ ਬਰਕਤ ਦੇਵੇ ਅਰ ਉਨ੍ਹਾਂ ਨੂੰ ਮੇਰਾ ਨਾਉਂ ਅਰ ਮੇਰੇ ਪਿਤਾ ਅਬਰਾਹਾਮ ਅਰ ਇਸਹਾਕ ਦੇ ਨਾਉਂ ਤੋਂ ਬੁਲਾਇਆ ਜਾਵੇ ਅਰ ਓਹ ਧਰਤੀ ਉੱਤੇ ਇੱਕ ਵੱਡਾ ਦਲ ਬਣ ਜਾਣ। [17]ਜਾਂ ਯੂਸੁਫ਼ ਨੇ ਵੇਖਿਆ ਕਿ ਮੇਰੇ ਪਿਤਾ ਨੇ ਆਪਣਾ ਸੱਜਾ ਹੱਥ ਇਫ਼ਰਾਈਮ ਦੇ ਸਿਰ ਉੱਤੇ ਰੱਖਿਆ ਹੈ ਤਾਂ ਉਸ ਦੀ ਨਿਗਾਹ ਵਿੱਚ ਇਹ ਬੁਰਾ ਲੱਗਾ ਅਤੇ ਉਸ ਨੇ ਆਪਣੇ ਪਿਤਾ ਦਾ ਹੱਥ ਫੜ ਲਿਆ ਤਾਂਜੋ ਇਫ਼ਰਾਈਮ ਦੇ ਸਿਰ ਤੋਂ ਹਟਾ ਕੇ ਮਨੱਸ਼ਹ ਦੇ ਸਿਰ ਉੱਤੇ ਧਰੇ। [18]ਅਰ ਯੂਸੁਫ਼ ਨੇ ਆਪਣੇ ਪਿਤਾ ਨੂੰ ਆਖਿਆ ਪਿਤਾ ਜੀ ਐਉਂ ਨਹੀਂ ਕਿਉਂਜੋ ਉਹ ਪਲੋਠਾ ਹੈ। ਆਪਣਾ ਸੱਜਾ ਹੱਥ ਉਸ ਦੇ ਸਿਰ ਉੱਤੇ ਧਰ। [19]ਪਰ ਉਸ ਦੇ ਪਿਤਾ ਨੇ ਇਨਕਾਰ ਕਰਕੇ ਆਖਿਆ, ਮੈਂ ਜਾਣਦਾ ਹਾਂ ਮੇਰੇ ਪੁੱਤ੍ਰ ਮੈਂ ਜਾਣਦਾ ਹਾਂ। ਏਸ ਤੋਂ ਵੀ ਇੱਕ ਕੌਮ ਹੋਵੇਗੀ ਅਰ ਏਹ ਵੀ ਵੱਡਾ ਹੋਵੇਗਾ ਪਰ ਉਸ ਦਾ ਨਿੱਕਾ ਭਰਾ ਏਸ ਨਾਲੋਂ ਵੱਡਾ ਹੋਵੇਗਾ ਅਰ ਉਸ ਦੀ ਅੰਸ ਤੋਂ ਢੇਰ ਸਾਰੀਆਂ ਕੌਮਾਂ ਹੋਣਗੀਆਂ। [20]ਅਤੇ ਉਸ ਨੇ ਉਸੇ ਦਿਨ ਉਨ੍ਹਾਂ ਨੂੰ ਬਰਕਤ ਦੇਕੇ ਆਖਿਆ ਕਿ ਇਸਰਾਏਲ ਤੇਰੇ ਦਵਾਰਾ ਐਉਂ ਆਖ ਕੇ ਬਰਕਤ ਦਿਆ ਕਰੇਗਾ ਕਿ ਪਰਮੇਸ਼ੁਰ ਤੈਨੂੰ ਇਫ਼ਰਾਈਮ ਅਰ ਮਨੱਸ਼ਹ ਵਰਗਾ ਰੱਖੇ। ਸੋ ਉਸ ਨੇ ਇਫ਼ਰਾਈਮ ਨੂੰ ਮਨੱਸ਼ਹ ਨਾਲੋਂ ਅੱਗੇ ਰੱਖਿਆ। [21]ਅਤੇ ਇਸਰਾਏਲ ਨੇ ਯੂਸੁਫ਼ ਨੂੰ ਆਖਿਆ, ਵੇਖ ਮੈਂ ਮਰਨ ਵਾਲਾ ਹਾਂ ਪਰ ਪਰਮੇਸ਼ੁਰ ਤੁਹਾਡੇ ਸੰਗ ਹੋਵੇਗਾ ਅਰ ਤੁਹਾਨੂੰ ਤੁਹਾਡੇ ਪਿਓ ਦਾਦਿਆਂ ਦੇ ਦੇਸ ਵਿੱਚ ਮੁੜ ਲੈ ਆਵੇਗਾ। [22]ਅਰ ਮੈਂ ਤੈਨੂੰ ਤੇਰੇ ਭਰਾਵਾਂ ਤੋਂ ਵਧ ਇੱਕ ਪਹਾੜੀ ਇਲਾਕਾ ਦਿੱਤਾ ਹੈ ਜਿਹੜਾ ਮੈਂ ਆਪਣੀ ਤੇਗ ਅਤੇ ਧਣੁੱਖ ਨਾਲ ਅਮੋਰੀਆ ਦੇ ਹੱਥੋਂ ਖੋਹਿਆ ਸੀ।**

**ਆਇਤਾਂ 8, 9.** ਇਸ ਆਇਤ ਵਿਚ ਯਾਕੂਬ ਦਾ ਸਵਾਲ ਹੈਰਾਨ ਕਰ ਦੇਣ ਵਾਲਾ ਹੈ। ਜਦੋਂ ਉਸ ਨੇ **ਯੂਸੁਫ਼ ਦੇ ਪੁੱਤ੍ਰਾਂ ਨੂੰ ਵੇਖਿਆ**, ਉਸ ਨੇ ਪੁੱਛਿਆ, **ਏਹ ਕੌਣ ਹਨ?** ਹਾਲਾਂਕਿ 48:1, 2, 5 ਵਿਚ ਉਹ ਉਨ੍ਹਾਂ ਨੂੰ ਪਹਿਲਾਂ ਤੋਂ ਇਫ਼ਰਾਈਮ ਅਤੇ ਮਨੱਸ਼ਹ ਵਜੋਂ ਪਛਾਣ ਚੁੱਕਾ ਸੀ। ਇਸ ਦੀ ਇਕ ਸੰਭਵ ਵਿਆਖਿਆ ਇਹ ਹੈ ਕਿ ਯਾਕੂਬ ਉਨ੍ਹਾਂ ਨੂੰ ਉਸ ਦੇ ਆਪਣੇ ਪੁੱਤਰ ਸਮਝਣ ਦੇ ਲਈ ਉਸ ਦੇ ਪੋਤਰਿਆਂ ਨੂੰ ਰਸਮੀ ਤੌਰ ਤੇ ਗੋਦ ਲੈਣਾ ਸ਼ੁਰੂ ਕਰਨ ਵਾਲਾ ਸੀ; ਸ਼ਾਇਦ ਗੋਦ ਲੈਣ ਦੀ ਕਾਨੂੰਨੀ ਰਸਮ ਦੇ ਰੂਪ ਵਿਚ ਲਾਭਪਾਤਰੀਆਂ ਦੇ ਨਾਵਾਂ ਦਾ ਐਲਾਨ ਕਰਨਾ ਪੈਣਾ ਸੀ। ਸ਼ਾਇਦ ਇਹ ਰੀਤ ਦੇਹਾਂਤ ਤੋਂ ਪਹਿਲਾਂ ਅਸੀਸ ਦੇਣ ਦੇ ਲਈ ਜ਼ਰੂਰੀ ਹੋਵੇਗੀ (ਵੇਖੋ 27:18)।[6] ਇਸ ਲਈ, **ਯੂਸੁਫ਼ ਨੇ** ਯਾਕੂਬ ਨੂੰ ਉੱਤਰ ਦਿੱਤਾ, **ਏਹ ਮੇਰੇ ਪੁੱਤ੍ਰ ਹਨ ਜਿਹੜੇ ਪਰਮੇਸ਼ੁਰ ਨੇ ਮੈਨੂੰ ਏਥੇ ਦਿੱਤੇ।** ਯੂਸੁਫ਼ ਨੇ ਆਪਣੇ ਪੁੱਤਰਾਂ ਦੀ ਦਾਤ ਦੇ ਲਈ ਸਾਰੀ ਸੋਭਾ ਪਰਮੇਸ਼ੁਰ ਨੂੰ ਦਿੱਤੀ (ਵੇਖੋ 33:5), ਜਿਹੜੇ ਮਿਸਰ ਵਿਚ ਪੈਦਾ ਹੋਏ ਸਨ। ਇਹ ਸੁਣ ਕੇ, ਯਾਕੂਬ ਨੇ ਯੂਸੁਫ਼ ਨੂੰ ਉੱਤਰ ਦਿੱਤਾ, **ਉਨ੍ਹਾਂ ਨੂੰ ਮੇਰੇ ਕੋਲ ਲਿਆ ਤਾਂ ਮੈਂ ਉਨ੍ਹਾਂ ਨੂੰ ਬਰਕਤ ਦਿਆਂਗਾ।**

**ਆਇਤ 10.** 48:8 ਵਿਚ ਜੋ ਸਵਾਲ ਕੀਤਾ ਗਿਆ ਹੈ ਉਸ ਦੇ ਲਈ ਇਕ ਹੋਰ ਕਾਰਣ ਆਇਤ 10 ਵਿਚ ਯਾਕੂਬ ਦੀਆਂ ਅੱਖਾਂ ਬਾਰੇ ਕੀਤੀ ਗਈ ਲੇਖਕ ਦੀ ਇਕ ਟਿੱਪਣੀ ਨਾਲ ਦਿੱਤਾ ਗਿਆ ਹੈ: **ਇਸਰਾਏਲ ਦੀਆਂ ਅੱਖਾਂ ਬਿਰਧ ਹੋਣ ਦੇ ਕਾਰਨ ਧੁੰਧਲੀਆਂ ਹੋ ਗਈਆਂ ਸਨ ਜੋ ਉਹ ਵੇਖ ਨਾ ਸੱਕਿਆ।** ਇਹ ਹਾਲਤ 27:1 ਵਿਚ ਬਿਆਨ ਕੀਤੀ ਗਈ ਇਸਹਾਕ ਦੀ ਹਾਲਤ ਨਾਲ ਮਿਲਦੀ-ਜੁਲਦੀ ਹੈ ਅਤੇ ਅੱਗੇ ਆਉਣ ਵਾਲੇ ਕੰਮ ਵੀ ਉਸ ਦੇ ਕੰਮਾਂ ਵਰਗੇ ਹੀ ਹਨ। **ਉਹ** [ਯੂਸੁਫ਼] **ਉਨ੍ਹਾਂ ਨੂੰ** [ਪੁੱਤ੍ਰਾਂ ਨੂੰ] **ਉਸ ਦੇ ਕੋਲ ਲਿਆਇਆ ਤਾਂ ਉਸ** [ਯਾਕੂਬ] **ਨੇ ਉਨ੍ਹਾਂ ਨੂੰ ਚੁੰਮਿਆ ਅਤੇ ਉਨ੍ਹਾਂ ਨੂੰ ਗਲ ਲਾਇਆ** (ਵੇਖੋ 27:26, 27)।

**ਆਇਤ 11. ਇਸਰਾਏਲ** ਨੇ **ਯੂਸੁਫ਼** ਨੂੰ ਆਖਿਆ, **ਮੈਨੂੰ ਤਾਂ ਤੇਰਾ ਮੂੰਹ** [ਦੁਬਾਰਾ] **ਵੇਖਣ ਦੀ**

**ਆਸ਼ਾ ਨਹੀਂ ਸੀ**, ਕਿਉਂਕਿ ਉਹ ਕਾਫੀ ਸਮੇਂ ਪਹਿਲਾਂ ਹੀ ਮੰਨ ਚੁੱਕਾ ਸੀ ਕਿ ਉਸ ਦਾ ਪੁੱਤਰ ਮਰ ਗਿਆ ਹੈ (37:31-35; 42:36)। ਉਸ ਦੁਖ ਅਤੇ ਬੇਇਤਬਾਰੀ ਦੇ ਬਾਵਜੂਦ ਜਿਸ ਦਾ ਯਾਕੂਬ ਨੇ ਆਪਣੀ ਪੂਰੀ ਜ਼ਿੰਦਗੀ ਅਨੁਭਵ ਕੀਤਾ ਸੀ, ਉਸ ਨੂੰ ਬਰਕਤ ਦੇਣ ਦਾ ਪਰਮੇਸ਼ੁਰ ਦਾ ਵਾਅਦਾ ਉਸ ਦੀਆਂ ਸਾਰੀਆਂ ਆਸਾਂ ਅਤੇ ਸੁਫਨਿਆਂ ਤੋਂ ਪਰੇ ਪੂਰਾ ਹੋਇਆ ਸੀ। ਪਰਮੇਸ਼ੁਰ ਨੇ ਨਾ ਸਿਰਫ ਉਸ ਨੂੰ ਯੂਸੁਫ਼ ਨੂੰ ਜ਼ਿੰਦਾ, ਸਹੀ ਸਲਾਮਤ ਅਤੇ ਮਿਸਰ ਵਿਚ ਪ੍ਰਧਾਨ ਮੰਤਰੀ ਦੇ ਤੌਰ ਤੇ ਸਫ਼ਲ ਹੁੰਦਿਆਂ ਵੇਖਣ ਦਿੱਤਾ, ਪਰ ਯਾਕੂਬ ਨੇ ਆਖਿਆ, **ਤੇਰੀ ਅੰਸ ਵੀ ਪਰਮੇਸ਼ੁਰ ਨੇ ਮੈਨੂੰ ਵਿਖਾਲ ਦਿੱਤੀ ਹੈ।**

**ਆਇਤ 12.** ਯੂਸੁਫ਼ ਦਾ ਜਵਾਬ ਮਨੱਸ਼ਹ ਅਤੇ ਇਫ਼ਰਾਈਮ ਨੂੰ ਉਨ੍ਹਾਂ ਦੇ ਦਾਦੇ ਦੇ **ਗੋਡਿਆਂ** ਵਿੱਚੋਂ ਕੱਢਣ ਦੇ ਲਈ ਸੀ। ਇਸ ਬਿਰਤਾਂਤ ਵਿਚ "ਗੋਡਿਆਂ" ਦਾ ਜ਼ਿਕਰ ਸ਼ਾਇਦ ਬੱਚੇ ਨੂੰ ਜਨਮ ਦੇਣ ਸੰਬੰਧੀ ਪ੍ਰਤੀਕਾਤਮਕ ਸ਼ਬਦ ਤੇ ਅਧਾਰਿਤ ਸੀ। ਪਿਤਾ ਦੇ "ਗੋਡਿਆਂ ਉੱਤੇ ਜੰਮਣਾ" ਇਹ ਕਹਿਣ ਦਾ ਇਕ ਤਰੀਕਾ ਸੀ ਕਿ ਪਿਤਾ ਨੇ ਬੱਚੇ ਨੂੰ ਉਸ ਦੀ ਆਪਣੀ ਜਾਇਜ਼ ਸੰਤਾਨ ਅਤੇ ਵਾਰਸ ਦੇ ਰੂਪ ਵਿਚ ਕਬੂਲ ਕਰ ਲਿਆ ਹੈ (ਵੇਖੋ 30:3; 50:23)। ਇਸ ਮਾਮਲੇ ਵਿਚ ਜੋ ਹੋ ਰਿਹਾ ਸੀ ਉਹ ਬੱਚੇ ਦਾ ਜਨਮ ਨਹੀਂ ਸੀ (ਵੇਖੋ ਅੱਯੂਬ 3:12), ਪਰ ਪੋਤਰਿਆਂ ਨੂੰ ਯਾਕੂਬ ਦੇ ਪੁੱਤਰਾਂ ਅਤੇ ਵਾਰਸਾਂ ਦੇ ਰੂਪ ਵਿਚ ਕਾਨੂੰਨੀ ਤੌਰ ਤੇ ਗੋਦ ਲੈਣਾ ਸੀ।

ਯੂਸੁਫ਼ ਦੁਆਰਾ ਉਸ ਦੇ ਦੋ ਪੁੱਤਰਾਂ ਨੂੰ ਯਾਕੂਬ ਦੇ ਗੋਡਿਆਂ ਵਿੱਚੋਂ ਕੱਢਣ ਦੇ ਬਾਰੇ ਕਹੀ ਇਸ ਗੱਲ ਦੇ ਲਈ ਵਧੇਰੇ ਸਪੱਸ਼ਟੀਕਰਨ ਦੀ ਲੋੜ ਹੈ, ਜਿਵੇਂ ਕਿ ਮਨੱਸ਼ਹ ਅਤੇ ਇਫ਼ਰਾਈਮ ਦੀ ਉਮਰ ਦੇ ਲਈ ਸਪੱਸ਼ਟੀਕਰਨ ਦੀ ਲੋੜ ਹੈ। ਲਿਖਤ ਸਾਨੂੰ ਦੱਸਦੀ ਹੈ ਕਿ ਯਾਕੂਬ ਮਰਨ ਤੋਂ ਪਹਿਲਾਂ ਮਿਸਰ ਦੇ ਦੇਸ ਵਿੱਚ ਸਤਾਰਾਂ ਵਰਹੇ ਜੀਵਿਆ (47:28) ਅਤੇ ਸ਼ਾਇਦ ਉਸ ਦੀ ਮੌਤ ਜ਼ਿਆਦਾ ਦੂਰ ਨਹੀਂ ਸੀ ਜਦੋਂ ਇਹ ਵਾਕਿਆ ਹੋਇਆ। ਯੂਸੁਫ਼ ਤਰੱਕੀ ਕਰਕੇ ਮਿਸਰ ਦਾ ਪ੍ਰਧਾਨ ਮੰਤਰੀ ਬਣ ਗਿਆ ਸੀ ਅਤੇ ਉਸ ਨੇ ਚੰਗਿਆਂ ਵਰਿਹਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਆਸਨਥ ਨਾਲ ਵਿਆਹ ਕਰਵਾਇਆ ਸੀ; ਸੋ ਉਨ੍ਹਾਂ ਦਾ ਵਿਆਹ ਕਾਲ ਦੇ ਤੀਜੇ ਵਰਹੇ ਦੌਰਾਨ ਯਾਕੂਬ ਅਤੇ ਉਸ ਦੇ ਪਰਿਵਾਰ ਦੇ ਮਿਸਰ ਵਿਚ ਪਹੁੰਚਣ ਤੋਂ ਘੱਟੋ-ਘੱਟੋ ਦਸ ਸਾਲ ਪਹਿਲਾਂ ਹੋਇਆ ਸੀ (45:6)। ਯੂਸੁਫ਼ ਦੇ ਦੋ ਪੁੱਤਰਾਂ ਦੀ ਉਮਰ ਸੰਭਵ ਤੌਰ ਤੇ ਇਸ ਸਮੇਂ ਵੀਹ ਕੁ ਸਾਲਾਂ ਦੇ ਲਗਭਗ ਹੋਵੇਗੀ। ਇਸ ਲਈ, ਇਹ ਅਸੰਭਵ ਪ੍ਰਤੀਤ ਹੁੰਦਾ ਹੈ ਕਿ ਉਹ ਆਪਣੇ ਕਮਜ਼ੋਰ ਦਾਦੇ ਦੇ ਗੋਡਿਆਂ ਤੇ ਬੈਠੇ ਹੋਣਗੇ, ਜਿਸ ਦੀ ਉਮਰ ਉਸ ਸਮੇਂ 147 ਵਰਹੇ ਸੀ (47:28)।[7] ਇਸ ਸ਼ਬਦ ਦਾ ਅਰਥ ਇਹ ਹੋਵੇਗਾ ਕਿ ਦੋਵੇਂ ਨੌਜਵਾਨ ਯਾਕੂਬ ਦੇ ਮੰਜੇ ਦੇ ਲਾਗੇ, ਉਸ ਦੇ ਗੋਡਿਆਂ ਦੇ ਬਿਲਕੁਲ ਨੇੜੇ ਖੜ੍ਹੇ ਸਨ ਜਾਂ ਉਨ੍ਹਾਂ ਤੇ ਝੁਕੇ ਹੋਏ ਸਨ।

ਦੂਜੀ ਗੱਲ, ਯੂਸੁਫ਼ ਨੇ **ਆਪਣਾ ਮੂੰਹ ਧਰਤੀ ਤੀਕ ਨਿਵਾਇਆ**। ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਸੀ, ਇਹ ਉਸ ਵਿਅਕਤੀ ਨੂੰ ਸਲਾਮ ਕਰਨ ਜਾਂ ਆਦਰ ਵਿਖਾਉਣ ਦਾ ਤਰੀਕਾ ਹੈ ਜਿਸ ਦੇ ਕੋਲੋਂ ਕਿਰਪਾ ਭਾਲੀ ਜਾ ਰਹੀ ਹੈ (24:52; 33:3; 42:6; 43:26)। ਹਾਲਾਂਕਿ ਯਾਕੂਬ ਨੇ ਉਸ ਦੇ ਪੋਤਰਿਆਂ ਨੂੰ ਬਰਕਤ ਦੇਣ ਦੇ ਆਪਣੇ ਇਰਾਦੇ ਨੂੰ ਪਹਿਲਾਂ ਤੋਂ ਹੀ ਵਿਅਕਤ ਕਰ ਦਿੱਤਾ ਸੀ, ਹੁਣ ਯੂਸੁਫ਼ ਨਿਉਂ ਕੇ ਯਾਕੂਬ ਦਾ ਆਦਰ ਕਰਨ ਦੇ ਦੁਆਰਾ ਉਸ ਨੂੰ ਬਰਕਤ ਦੇਣ ਲਈ ਕਹਿ ਰਿਹਾ ਸੀ।

**ਆਇਤ 13.** ਸ਼ੁਰੂਆਤੀ ਦੌਰ ਖਤਮ ਹੋਣ ਤੋਂ ਬਾਅਦ, **ਯੂਸੁਫ਼ ਨੇ** ਆਪਣੇ ਦੋਹਾਂ ਪੁੱਤਰਾਂ ਨੂੰ ਆਪਣੇ ਪਿਤਾ ਦੇ ਸਾਹਮਣੇ ਖੜ੍ਹਾ ਕੀਤਾ। ਕਿਉਂਕਿ **ਇਫ਼ਰਾਈਮ** ਦੋਹਾਂ ਵਿੱਚੋਂ ਛੋਟਾ ਸੀ, ਉਹ ਨੇ ਉਸ ਨੂੰ **ਆਪਣੇ ਸੱਜੇ ਹੱਥ ਨਾਲ ਇਸਰਾਏਲ ਦੇ ਖੱਬੇ ਪਾਸੇ** ਖੜ੍ਹਾ ਕੀਤਾ। ਫਿਰ ਯੂਸੁਫ਼ ਨੇ ਵੱਡੇ ਪੁੱਤਰ, **ਮਨੱਸ਼ਹ ਨੂੰ**, ਜਿਸ ਨੂੰ ਵੱਡੀ ਬਰਕਤ ਪ੍ਰਾਪਤ ਕਰਨ ਦਾ ਹੱਕ ਸੀ **ਆਪਣੇ ਖੱਬੇ ਹੱਥ ਨਾਲ**

**ਇਸਰਾਏਲ ਦੇ ਸੱਜੇ ਪਾਸੇ ਲਿਆਂਦਾ ਅਰ ਉਸ ਦੇ ਨੇੜੇ ਕੀਤਾ**। ਇਹ ਤਰਤੀਬ ਯਾਕੂਬ ਨੂੰ ਆਪਣੀ ਕਿਰਪਾ ਦਾ ਸੱਜਾ ਹੱਥ ਮਨੱਸ਼ਹ ਵੱਲ ਵਧਾਉਣ ਦੇ ਯੋਗ ਬਣਾਵੇਗੀ,[8] ਜਦ ਕਿ ਉਸ ਦਾ ਖੱਬਾ ਹੱਥ ਸੁਭਾਵਕ ਤੌਰ ਤੇ ਇਫ਼ਰਾਈਮ ਦੀ ਵੱਲ ਜਾਵੇਗਾ।

**ਆਇਤ 14.** ਯੂਸੁਫ਼ ਅਤੇ ਉਸ ਦੇ ਪੁੱਤਰਾਂ ਦੇ ਲਈ ਹੈਰਾਨੀ ਦੀ ਗੱਲ ਇਹ ਸੀ ਕਿ **ਇਸਰਾਏਲ ਨੇ ਆਪਣਾ ਸੱਜਾ ਹੱਥ ਲੰਮਾ ਕਰ ਕੇ ਇਫ਼ਰਾਈਮ ਦੇ ਸਿਰ ਉੱਤੇ ਜਿਹੜਾ ਨਿੱਕਾ ਪੁੱਤ੍ਰ ਸੀ ਧਰਿਆ ਅਰ ਆਪਣਾ ਖੱਬਾ ਹੱਥ ਮਨੱਸ਼ਹ ਦੇ ਸਿਰ ਉੱਤੇ**। ਉਸ ਨੇ **ਜਾਣ ਬੁੱਝ ਕੇ ਆਪਣੇ ਹੱਥ ਐਉਂ ਧਰੇ** ਸਨ ਜਿਸ ਦੇ ਨਤੀਜੇ ਵਜੋਂ ਇਫ਼ਰਾਈਮ ਨੂੰ ਉਹ ਅਹੁਦਾ ਮਿਲਿਆ ਜੋ ਉਸ ਨੂੰ ਵੱਧ ਆਦਰ ਦਿਵਾਏਗਾ। ਇਹ ਪ੍ਰਾਚੀਨ ਮਸੋਪੋਤਾਮੀਆ ਦੀ ਪਰੰਪਰਾ ਦੇ ਵਿਰੁੱਧ ਸੀ, **ਕਿਉਂਕਿ ਮਨੱਸ਼ਹ ਪਲੌਠਾ ਸੀ** ਅਤੇ ਉਸੇ ਨੂੰ ਹੀ ਜੇਠਾ ਹੋਣ ਦੀ ਅਸੀਸ ਮਿਲਣੀ ਚਾਹੀਦੀ ਸੀ।[9]

ਪੁਰਖੇ ਨੇ ਇਸ ਤਰ੍ਹਾਂ ਕਿਉਂ ਕੀਤਾ ਸੀ ਬਿਰਤਾਂਤ ਵਿਚ ਇਸ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ, ਇਸ ਲਈ ਕੁਝ ਸਵਾਲ ਖੜ੍ਹੇ ਹੁੰਦੇ ਹਨ। (1) ਕੀ ਯਾਕੂਬ ਨੇ ਇਫ਼ਰਾਈਮ ਨੂੰ ਮਨੱਸ਼ਹ ਨਾਲੋਂ ਜ਼ਿਆਦਾ ਪਸੰਦ ਕੀਤਾ ਕਿਉਂਕਿ ਉਸ ਨੇ ਖੁਦ ਏਸਾਓ ਦਾ ਸਥਾਨ ਲਿਆ ਸੀ ਅਤੇ ਆਪਣੇ ਪਿਤਾ ਦੀ ਬਰਕਤ ਨੂੰ ਪ੍ਰਾਪਤ ਕੀਤਾ ਸੀ? (2) ਕੀ ਯਾਕੂਬ ਨੂੰ ਭਵਿੱਖ ਬਾਰੇ ਰੱਬੀ ਬੋਧ ਮਿਲਿਆ ਸੀ ਜਿਸ ਨੇ ਉਸ ਨੂੰ ਇਹ ਫ਼ੈਸਲਾ ਲੈਣ ਵਿਚ ਉਸ ਦੀ ਅਗਵਾਈ ਕੀਤੀ ਸੀ? (3) ਕੀ ਯਾਕੂਬ ਕਿਸੇ ਵਿਅਕਤੀ ਨੂੰ ਪਰਖਣ ਵਿਚ ਯੂਸੁਫ਼ ਨਾਲੋਂ ਬਿਹਤਰ ਸੀ, ਜਿਸ ਨੂੰ ਯਹੋਵਾਹ ਨੇ ਸੁਫਨਿਆਂ ਦਾ ਅਰਥ ਦੱਸਣ ਅਤੇ ਭਵਿੱਖ ਵਿਚ ਹੋਣ ਵਾਲੀਆਂ ਗੱਲਾਂ ਦੀ ਤਿਆਰੀ ਕਰਨ ਦੇ ਲਈ ਬੁੱਧ ਦਿੱਤੀ ਸੀ? ਹਾਲਾਂਕਿ ਯਾਕੂਬ ਦੀਆਂ ਅੱਖਾਂ ਧੁੰਧਲੀਆਂ ਹੋ ਗਈਆਂ ਸਨ, ਯੂਸੁਫ਼ ਦੇ ਦੋ ਪੁੱਤਰਾਂ ਬਾਰੇ ਉਸ ਦਾ ਮਨ ਇਕਦਮ ਸਾਫ਼ ਸੀ। ਇਸ ਲਈ, ਆਪਣੇ ਦਾਦੇ ਦੇ ਇਸ ਕੰਮ ਨੂੰ ਕਰਨ ਦੇ ਦੁਆਰਾ, ਮਨੱਸ਼ਹ ਉਤਪਤ ਵਿਚ ਉਨ੍ਹਾਂ ਪਲੌਠੇ ਪੁੱਤਰਾਂ ਦੀ ਸੂਚੀ ਵਿਚ ਸ਼ਾਮਲ ਹੋ ਗਿਆ ਜਿਨ੍ਹਾਂ ਨੂੰ ਜੇਠੇ ਹੋਣ ਦੀ ਅਸੀਸ ਜਾਂ ਬਰਕਤ ਦੀ ਪਰੰਪਰਾ ਵਿਚ ਦਰਕਿਨਾਰ ਕਰ ਦਿੱਤਾ ਗਿਆ ਸੀ: ਇਸਮਾਏਲ, ਏਸਾਓ ਅਤੇ ਰਊਬੇਨ। ਸਮੇਂ ਸਿਰ, ਇਸ ਨਾਲ ਇਕ ਨਬੂਵਤ ਪੂਰੀ ਹੋਈ; ਯੂਸੁਫ਼ ਦੇ ਪੁੱਤਰ ਇਸਰਾਏਲੀਆਂ ਦੇ ਦੋ ਗੋਤਾਂ ਦੇ ਮੁਖੀ ਬਣ ਗਏ ਅਤੇ ਇਫ਼ਰਾਈਮ ਦਾ ਗੋਤ ਇਸਰਾਏਲ ਦੇ ਉੱਤਰੀ ਰਾਜ ਵਿਚ ਪ੍ਰਮੁੱਖ ਸ਼ਕਤੀ ਬਣਿਆ।

**ਆਇਤ 15.** ਯੂਸੁਫ਼ ਦੇ ਆਪਣੇ ਦੋਹਾਂ ਪੁੱਤਰਾਂ ਨੂੰ ਆਪਣੇ ਪਿਤਾ ਕੋਲੋਂ ਅਸੀਸਾਂ ਦਿਵਾਉਣ ਦੇ ਲਈ ਲਿਆਉਣ ਦੇ ਮਗਰੋਂ, ਲਿਖਤ ਦੱਸਦੀ ਹੈ ਕਿ ਯਾਕੂਬ ਨੇ **ਯੂਸੁਫ਼ ਨੂੰ ਬਰਕਤ ਦਿੱਤੀ**। ਜਦ ਕਿ ਇਹ ਪਹਿਲਾਂ ਥੋੜ੍ਹਾ ਅਜੀਬ ਲੱਗਦਾ ਹੈ ਕਿ ਯਾਕੂਬ ਨੇ ਉਸ ਦੇ ਬਿਲਕੁਲ ਉਲਟ ਕੀਤਾ ਜੋ ਉਹ ਕਰਨਾ ਚਾਹੁੰਦਾ ਸੀ, 16 ਅਤੇ 20 ਆਇਤਾਂ ਇਹ ਵਿਆਉਂਦੀਆਂ ਹਨ ਕਿ ਅਸੀਸ ਜਿਹੜੀ ਯੂਸੁਫ਼ ਦੇ ਨਾਲ ਸ਼ੁਰੂ ਹੋਈ ਸੀ ਉਹ ਮੁੱਖ ਰੂਪ ਵਿਚ ਉਸ ਦੇ ਪੁੱਤਰਾਂ ਦੇ ਲਈ ਸੀ। ਕੋਈ ਵੀ ਅਸੀਸ ਜੋ ਯਾਕੂਬ ਨੇ ਇਫ਼ਰਾਈਮ ਅਤੇ ਮਨੱਸ਼ਹ ਨੂੰ ਦੇਣੀ ਸੀ ਉਹ **ਪਰਮੇਸ਼ੁਰ** ਦੇ ਉਸ ਸੱਦੇ ਨਾਲ ਜੁੜਨੀ ਚਾਹੀਦੀ ਸੀ ਜੋ **ਅਬਰਾਹਾਮ ਅਰ ਇਸਹਾਕ** ਨੂੰ ਦਿੱਤਾ ਗਿਆ ਸੀ, ਜਿਹੜੇ ਪਹਿਲਾਂ ਉਸ ਦੇ ਸਨਮੁਖ ਵਫ਼ਾਦਾਰੀ ਨਾਲ **ਚੱਲਦੇ ਰਹੇ** (ਵੇਖੋ 17:1)। ਦੂਜੇ ਸ਼ਬਦਾਂ ਵਿਚ, ਇਨ੍ਹਾਂ ਨੌਜਵਾਨਾਂ ਨੇ ਉਹ ਅਸੀਸ ਪ੍ਰਾਪਤ ਕਰਨੀ ਸੀ ਜਿਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਪੁਰਖਿਆਂ ਦੇ ਨਕਸ਼ੇ ਕਦਮਾਂ ਤੇ ਚੱਲਣ ਅਤੇ ਉਨ੍ਹਾਂ ਦੀ ਇਸ ਵਿਰਾਸਤ ਨੂੰ ਦੂਜਿਆਂ ਨੂੰ ਸੌਂਪਣ ਦੇ ਲਈ ਮਜਬੂਰ ਕਰ ਦੇਣਾ ਸੀ। ਉਨ੍ਹਾਂ ਨੇ ਉਨ੍ਹਾਂ ਦੇ ਬਾਅਦ ਆਉਣ ਵਾਲੀਆਂ ਪੀੜ੍ਹੀਆਂ ਨਾਲ ਪਰਮੇਸ਼ੁਰ ਦੇ ਵਾਅਦਿਆਂ ਵਿਚ ਉਨ੍ਹਾਂ ਦੀ ਨਿਹਚਾ ਨੂੰ ਸਾਂਝਾ ਕਰਨਾ ਸੀ। ਇਸ ਤਰੀਕੇ ਨਾਲ, ਉਹ ਛੁਟਕਾਰਾ ਦੇਣ ਵਾਲੇ ਇਤਹਾਸ ਦੀ ਲੜੀ ਵਿਚ ਕੜੀਆਂ ਬਣਨਗੇ।

ਯਾਕੂਬ ਨੇ ਸਾਖੀ ਦਿੱਤੀ ਸੀ ਕਿ **ਪਰਮੇਸ਼ੁਰ** ਨੇ **ਜੀਵਨ ਭਰ** ਉਸ ਦੀ **ਪਾਲਣਾ ਕੀਤੀ** ਸੀ

(ਵੇਖੋ 49:24; ਜ਼ਬੂਰ 23:1)। ਬੇਸ਼ੱਕ, ਯਾਕੂਬ ਜਾਣਦਾ ਸੀ ਕਿ ਇਕ ਅਯਾਲੀ ਨੂੰ ਆਪਣੀ ਇੱਜੜ ਦੀ ਉਨ੍ਹਾਂ ਚੋਰਾਂ ਜਾਂ ਜੰਗਲੀ ਜਾਨਵਰਾਂ ਤੋਂ ਰਾਖੀ ਕਰਨ ਦੇ ਲਈ ਕਿਸ ਤਰ੍ਹਾਂ ਦੇ ਸਮਰਪਣ ਦੀ ਲੋੜ ਸੀ ਜੋ ਉਨ੍ਹਾਂ ਦੇ ਲਈ ਖ਼ਤਰਾ ਬਣ ਸਕਦੇ ਹਨ।

**ਆਇਤ 16.** ਇਹ ਸੱਚ ਹੈ ਕਿ ਯਾਕੂਬ ਕਈ ਵਾਰ ਪਰਮੇਸ਼ੁਰ ਦੀ ਹਜ਼ੂਰੀ ਅਤੇ ਅਗਵਾਈ ਤੋਂ ਅਣਜਾਣ ਸੀ; ਪਰ, ਜਦੋਂ ਉਸ ਨੇ ਪਿੱਛੇ ਮੁੜ ਕੇ ਵੇਖਿਆ, ਉਸ ਨੇ ਸਾਖੀ ਦਿੱਤੀ ਕਿ ਇਹ ਪਰਮੇਸ਼ੁਰ ਦਾ **ਦੂਤ**[10] ਸੀ **ਜਿਹੜਾ** [ਉਸ ਨੂੰ] **ਸਾਰੀ ਬੁਰਿਆਈ ਤੋਂ ਮੇਰਾ ਛੁਡਾਉਣ ਵਾਲਾ** ਸੀ (ਵੇਖੋ 28:15, 20; 31:3, 11, 42; 35:3; 48:21)। ਫਿਰ ਉਸ ਨੇ ਪ੍ਰਾਰਥਨਾ ਕੀਤੀ ਕਿ ਪਰਮੇਸ਼ੁਰ ਇਨ੍ਹਾਂ **ਮੁੰਡਿਆਂ** (ਇਫ਼ਰਾਈਮ ਅਤੇ ਮਨੱਸ਼ਹ) ਬਰਕਤ ਦੇਵੇ ਅਤੇ ਇਹ ਮੰਗਿਆ ਕਿ **ਉਨ੍ਹਾਂ ਨੂੰ ਮੇਰਾ ਨਾਉਂ ਅਰ ਮੇਰੇ ਪਿਤਾ ਅਬਰਾਹਾਮ ਅਰ ਇਸਹਾਕ ਦੇ ਨਾਉਂ ਤੋਂ ਬੁਲਾਇਆ ਜਾਵੇ**। ਅੰਤ ਵਿਚ, ਉਸ ਦੀ ਬੇਨਤੀ ਸੀ ਕਿ ਉਸ ਦੇ ਪੁੱਤਰ **ਧਰਤੀ ਉੱਤੇ ਇੱਕ ਵੱਡਾ ਦਲ ਬਣ ਜਾਣ** (48:20 ਤੇ ਟਿੱਪਣੀਆਂ ਵੇਖੋ)।

**ਆਇਤ 17.** ਜਦੋਂ **ਯੂਸੁਫ਼ ਨੇ ਵੇਖਿਆ ਕਿ ਉਸ ਦੇ ਪਿਤਾ ਨੇ** ਆਪਣੇ ਪੋਤਰਿਆਂ ਨੂੰ ਅਸੀਸ ਦੇਣ ਦੇ ਲਈ ਆਪਣਾ ਖੱਬਾ ਹੱਥ ਵੱਡੇ ਭਰਾ ਦੇ ਸਿਰ ਤੇ ਅਤੇ **ਆਪਣਾ ਸੱਜਾ ਹੱਥ** ਛੋਟੇ ਦੇ **ਸਿਰ** ਤੇ ਧਰਿਆ ਹੈ, ਤਾਂ **ਉਸ ਦੀ ਨਿਗਾਹ ਵਿੱਚ ਇਹ ਬੁਰਾ ਲੱਗਾ**। ਇਬਰਾਨੀ ਲਿਖਤ ਸ਼ਾਬਦਿਕ ਤੌਰ ਤੇ ਕਹਿੰਦੀ ਹੈ ਕਿ "ਇਹ ਉਸ ਦੀਆਂ ਨਜ਼ਰਾਂ ਵਿਚ ਬੁਰਾ [יֵרַע, *ਰਾਅ]* ਸੀ।" NJPSV ਬਾਈਬਲ ਅਨੁਸਾਰ, "ਉਸ ਨੇ ਸੋਚਿਆ ਕਿ ਇਹ ਗਲਤ [ਸੀ]।" ਯੂਸੁਫ਼ ਯਾਕੂਬ ਤੋਂ ਪਰੇਸ਼ਾਨ ਹੋ ਗਿਆ, ਇਹ ਸੋਚ ਕੇ ਕਿ ਉਹ ਗਲਤੀ ਕਰ ਰਿਹਾ ਸੀ। ਇਕ ਹੋਰ ਸੰਭਾਵਨਾ ਇਹ ਹੈ ਕਿ ਯੂਸੁਫ਼ ਨੇ ਸੋਚਿਆ ਕਿ ਉਸ ਦੇ ਪਿਤਾ ਦੀ ਨਜ਼ਰ ਇੰਨੀ ਜ਼ਿਆਦਾ ਕਮਜ਼ੋਰ ਸੀ ਕਿ ਉਹ ਪਛਾਣ ਨਹੀਂ ਸੀ ਸਕਦਾ ਕਿ ਇਫ਼ਰਾਈਮ ਕੌਣ ਹੈ ਅਤੇ ਮਨੱਸ਼ਹ ਕੌਣ ਹੈ। ਸਥਿਤੀ ਨੂੰ ਸੁਧਾਰਣ ਦੇ ਲਈ, **ਉਸ ਨੇ ਆਪਣੇ ਪਿਤਾ ਦਾ ਹੱਥ ਫੜ ਲਿਆ ਤਾਂਜੋ ਇਫ਼ਰਾਈਮ ਦੇ ਸਿਰ ਤੋਂ ਹਟਾ ਕੇ ਮਨੱਸ਼ਹ ਦੇ ਸਿਰ ਉੱਤੇ ਧਰੇ**। ਉਹ ਆਪਣੇ ਪਿਤਾ ਦੀ ਅਸੀਸ ਨੂੰ ਬਦਲਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਵੇਂ ਏਸਾਓ ਨੇ ਉਸ ਅਸੀਸ ਨੂੰ ਬਦਲਣਾ ਚਾਹਿਆ ਜੋ ਇਸਹਾਕ ਨੇ ਯਾਕੂਬ ਨੂੰ ਦਿੱਤੀ ਸੀ (27:34-36)।

**ਆਇਤ 18.** ਜਿਵੇਂ ਹੀ ਯੂਸੁਫ਼ ਨੇ ਇਸ ਗਲਤੀ ਨੂੰ ਸੁਧਾਰਣ ਦੇ ਲਈ "ਆਪਣੇ ਪਿਤਾ ਦਾ ਹੱਥ ਫੜ ਲਿਆ," ਉਸ ਨੇ ਯਾਕੂਬ ਨੂੰ ਸਮਝਾਇਆ, **ਪਿਤਾ ਜੀ ਐਉਂ ਨਹੀਂ ਕਿਉਂਜੋ ਉਹ ਪਲੋਠਾ ਹੈ। ਆਪਣਾ ਸੱਜਾ ਹੱਥ ਉਸ ਦੇ ਸਿਰ ਉੱਤੇ ਧਰ।** ਇਹ ਯੂਸੁਫ਼ ਦੇ ਜੀਵਨ ਵਿਚ ਇਕ ਅਜਿਹਾ ਸਮਾਂ ਸੀ ਜਦੋਂ ਉਹ ਇਹ ਸੋਚਣ ਵਿਚ ਗਲਤ ਸੀ ਕਿ ਪਰੰਪਰਾ ਦਾ ਪਾਲਣ ਕੀਤਾ ਜਾਣਾ ਚਾਹੀਦਾ ਹੈ। ਯੂਸੁਫ਼ ਸਰੀਰਕ ਵਿਚਾਰ ਦੇ ਭਾਵ ਵਿਚ "ਵੇਖ" ਸਕਦਾ ਸੀ; ਪਰ ਯਾਕੂਬ ਜਿਹੜਾ ਤਕਰੀਬਨ ਅੰਨ੍ਹਾ ਸੀ, ਆਤਮਿਕ ਭਾਵ ਵਿਚ ਇਹ ਵੇਖ ਸਕਦਾ ਸੀ ਕਿ ਮਨੱਸ਼ਹ ਦੀ ਬਜਾਇ ਇਫ਼ਰਾਈਮ ਦੇ ਲਈ ਪਰਮੇਸ਼ੁਰ ਦੇ ਕੋਲ ਇਕ ਵੱਡੀ ਯੋਜਨਾ ਸੀ। ਯਾਕੂਬ ਦੀ ਅਗਵਾਈ ਪਰਮੇਸ਼ੁਰ ਨੇ ਕੀਤੀ ਸੀ ਅਤੇ ਇਫ਼ਰਾਈਮ ਨੂੰ ਵੱਡੀ ਅਸੀਸ ਦੇਣਾ "ਬੁਰਾਈ" ਜਾਂ "ਬੁਰਾ" (*ਰਾ)* ਨਹੀਂ ਸੀ, ਜਿਵੇਂ ਯੂਸੁਫ਼ ਨੇ ਸੋਚਿਆ ਸੀ।

**ਆਇਤ 19.** ਯਾਕੂਬ ਨੇ ਯੂਸੁਫ਼ ਦੁਆਰਾ ਰੋਕੇ ਜਾਣ ਤੋਂ **ਇਨਕਾਰ** ਕਰ ਦਿੱਤਾ। ਉਸ ਨੇ ਮੰਨ ਲਿਆ ਕਿ ਇਹ ਫ਼ੈਸਲਾ ਪਰਮੇਸ਼ੁਰ ਦਾ ਸੀ, ਨਾ ਕਿ ਉਸ ਦਾ ਆਪਣਾ, ਜਿਵੇਂ ਕਿ ਉਸ ਮਾਮਲੇ ਵਿਚ ਹੋਇਆ ਸੀ ਜਦੋਂ ਬਹੁਤ ਸਾਲ ਪਹਿਲਾਂ ਉਸ ਦੀ ਮਾਂ ਯਹੋਵਾਹ ਕੋਲੋਂ ਪੁੱਛਣ ਗਈ ਸੀ (25:22, 23; ਵੇਖੋ ਗਿਣਤੀ 23:19, 20, 26)। ਇਸੇ ਕਾਰਣ, ਉਹ ਉਸ ਤਰੀਕੇ ਨਾਲ ਬਰਾਬਰ ਦਾ ਪ੍ਰਭਾਵੀ ਸੀ ਜਿਸ ਤਰੀਕੇ ਨਾਲ ਉਸ ਨੇ ਯੂਸੁਫ਼ ਦੇ ਇਤਰਾਜ਼ਾਂ ਦਾ ਜਵਾਬ ਦਿੱਤਾ ਸੀ, ਉਸ ਨੂੰ ਇਹ ਭਰੋਸਾ ਦਿੰਦੇ ਹੋਏ ਕਿ ਉਸ ਸਮਝ ਗਿਆ ਸੀ ਕਿ ਉਹ ਕੀ ਕਰ ਰਿਹਾ ਸੀ।

ਆਪਣੀ ਗੱਲ ਨੂੰ ਦੁਹਰਾਉਂਦੇ ਹੋਏ, ਉਸ ਨੇ ਆਖਿਆ, **ਮੈਂ ਜਾਣਦਾ ਹਾਂ ਮੇਰੇ ਪੁੱਤ੍ਰ ਮੈਂ ਜਾਣਦਾ ਹਾਂ।** ਫਿਰ ਯਾਕੂਬ ਨੇ ਯੂਸੁਫ਼ ਨਾਲ ਵਾਅਦਾ ਕੀਤਾ ਕਿ ਮਨੱਸ਼ਹ **ਇੱਕ ਕੌਮ** ਹੋਵੇਗਾ ਅਤੇ **ਏਹ ਵੀ ਵੱਡਾ ਹੋਵੇਗਾ**। ਪਰ, ਇਫ਼ਰਾਈਮ, **ਉਸ ਦਾ ਨਿੱਕਾ ਭਰਾ ਏਸ ਨਾਲੋਂ ਵੱਡਾ ਹੋਵੇਗਾ**, ਕਿਉਂਕਿ **ਉਸ ਦੀ ਅੰਸ ਤੋਂ ਢੇਰ ਸਾਰੀਆਂ ਕੌਮਾਂ ਹੋਣਗੀਆਂ** (ਵੇਖੋ ਬਿਵਸਥਾ ਸਾਰ 33:17)।

**ਆਇਤ 20.** ਆਪਣੇ ਕੰਮਾਂ ਦੇ ਬਾਰੇ ਸਮਝਾਉਣ ਤੋਂ ਬਾਅਦ, ਯਾਕੂਬ ਨੇ ਆਪਣੇ ਪੋਤਰਿਆਂ ਨੂੰ ਅਸੀਸ ਦੇਣਾ ਸ਼ੁਰੂ ਕੀਤਾ। 48:16 ਵਿਚ, ਉਸ ਨੇ ਉਨ੍ਹਾਂ ਦੇ ਬਾਰੇ ਅੱਨ ਪੁਰਖ ਵਿਚ ਗੱਲ ਕੀਤੀ ਸੀ: "ਇਨ੍ਹਾਂ ਮੁੰਡਿਆਂ ਨੂੰ ਬਰਕਤ ਦੇਵੇ ਅਰ ਉਨ੍ਹਾਂ ਨੂੰ ਮੇਰਾ ਨਾਉਂ ਤੋਂ ਬੁਲਾਇਆ ਜਾਵੇ।" ਹੁਣ ਉਸ ਨੇ ਮੱਧਰ ਪੁਰਖ ਦੀ ਵਰਤੋਂ ਕਰਦਿਆਂ ਉਨ੍ਹਾਂ ਨੂੰ ਸਿੱਧੇ ਤੌਰ ਤੇ ਸੰਬੋਧਿਤ ਕੀਤਾ: **ਇਸਰਾਏਲ ਤੇਰੇ** [ਉਦਾਹਰਣ ਦੇ ਤੌਰ ਤੇ] **ਦਵਾਰਾ ਐਉਂ ਆਖ ਕੇ ਬਰਕਤ ਦਿਆ ਕਰੇਗਾ ਕਿ ਪਰਮੇਸ਼ੁਰ ਤੈਨੂੰ ਇਫ਼ਰਾਈਮ ਅਰ ਮਨੱਸ਼ਹ ਵਰਗਾ** [ਫਲਦਾਇਕ] **ਰੱਖੇ।** ਇਹੋ ਜਿਹੀਆਂ ਅਸੀਸਾਂ ਰਾਖੇਲ ਅਤੇ ਲਿਆਹ ਅਤੇ ਫਾਰਸ ਦੇ ਟੱਬਰ ਦੇ ਫਲਦਾਰ ਹੋਣ ਸੰਬੰਧੀ ਰੂਥ 4:11, 12 ਵਿਚ ਵੀ ਨਜ਼ਰ ਆਉਂਦੀਆਂ ਹਨ।

ਸੰਤਾਨ ਜੋ ਉਹ ਜੰਮਣਗੇ ਉਸ ਦੀ ਗਿਣਤੀ ਵਿਚ, ਯਾਕੂਬ ਨੇ **ਇਫ਼ਰਾਈਮ ਨੂੰ ਮਨੱਸ਼ਹ ਨਾਲੋਂ ਅੱਗੇ ਰੱਖਿਆ**। ਉਸ ਦੀ ਅਸੀਸ ਨਿਸ਼ਚਤ ਤੌਰ ਤੇ ਫਲ ਲਿਆਈ: ਮਿਸਰ ਵਿਚ ਇਸਰਾਏਲ ਦੇ ਅੰਤ ਦੇ ਸਮੇਂ ਤੱਕ, ਯੂਸੁਫ਼ ਦੀ ਸੰਤਾਨ ਦੀ ਗਿਣਤੀ 72,700 ਮਨੁੱਖ ਸੀ। ਮਨੱਸ਼ਹ ਦੀ ਸੈਨਾ ਵਿਚ 32,200 ਮਨੁੱਖ, ਜਦ ਕਿ ਇਫ਼ਰਾਈਮ ਦੀ ਸੈਨਾ ਵਿਚ 40,500 ਮਨੁੱਖ ਸਨ (ਗਿਣਤੀ 2:18-21)।

**ਆਇਤ 21.** ਧਰਤੀ ਉੱਤੇ ਯਾਕੂਬ ਦਾ ਸਮਾਂ ਲਗਭਗ ਖਤਮ ਹੋ ਚੁੱਕਾ ਸੀ; ਇਕ ਵਾਰ ਫੇਰ, ਉਸ ਨੇ **ਯੂਸੁਫ਼ ਨੂੰ ਆਖਿਆ, ਵੇਖ ਮੈਂ ਮਰਨ ਵਾਲਾ ਹਾਂ।** ਕਿਉਂਕਿ ਮੌਤ ਨੇੜੇ ਸੀ, ਪੁਰਖਾ ਯੂਸੁਫ਼ ਨੂੰ ਆਪਣੇ ਵਾਰਸ ਦੇ ਤੌਰ ਤੇ ਉਸ ਦੇ ਪਰਿਵਾਰ ਅਤੇ ਉਨ੍ਹਾਂ ਦੇ ਹਿੱਤਾਂ ਦੀ ਜ਼ਿੰਮੇਵਾਰੀ ਉਠਾਉਣ ਦੇ ਲਈ ਤਿਆਰ ਕਰਨਾ ਚਾਹੁੰਦਾ ਸੀ। ਸਭ ਤੋਂ ਪਹਿਲਾਂ, ਉਸ ਨੇ ਵਸੀਅਤ ਵਿਚ ਇਕ ਆਤਮਿਕ ਅਸੀਸ ਦਿੱਤੀ: **ਪਰਮੇਸ਼ੁਰ ਤੁਹਾਡੇ ਸੰਗ ਹੋਵੇਗਾ ਅਰ ਤੁਹਾਨੂੰ ਤੁਹਾਡੇ ਪਿਓ ਦਾਦਿਆਂ ਦੇ ਦੇਸ ਵਿੱਚ ਮੁੜ ਲੈ ਆਵੇਗਾ।** ਅਸੀਸ ਵਿਚ, ਪੜਨਾਂਵ "ਤੁਹਾਡੇ" ਦੋਹਾਂ ਹਾਲਾਤਾਂ ਵਿਚ ਬਹੁਵਚਨ ਹੈ। ਪਹਿਲਾ ਬਹੁਵਚਨ ਪੜਨਾਂਵ ਦੀ ਵਰਤੋਂ ਕਰਦੇ ਹੋਏ, ਯਾਕੂਬ ਕਹਿ ਰਿਹਾ ਸੀ ਕਿ ਪਰਮੇਸ਼ੁਰ ਉਸ ਦੇ ਪੂਰੇ ਪਰਿਵਾਰ ਦੇ ਸੰਗ ਹੋਵੇਗਾ ਜਦੋਂ ਜਿਵੇਂ ਯੂਸੁਫ਼ ਨੇ ਉਨ੍ਹਾਂ ਦੇ ਜੀਵਨਾਂ ਦੀ ਅਗਵਾਈ ਅਤੇ ਮਾਰਗ-ਦਰਸ਼ਨ ਕੀਤਾ ਸੀ। ਹਾਲਾਂਕਿ ਬਿਨਯਾਮੀਨ ਨੂੰ ਛੱਡ ਕੇ ਉਸ ਦੇ ਸਾਰੇ ਭਰਾ ਯੂਸੁਫ਼ ਨਾਲੋਂ ਵੱਡੇ ਸਨ, ਯੂਸੁਫ਼ ਹੀ ਸੀ ਜਿਸ ਨੂੰ ਉਨ੍ਹਾਂ ਦੇ ਪੁਰਖੇ ਵਜੋਂ ਅਤੇ ਮਿਸਰ ਵਿਚ ਦਾਨੀ ਹਾਕਮ ਵਜੋਂ ਉਨ੍ਹਾਂ ਤੇ "ਰਾਜ ਕਰਨਾ" ਚਾਹੀਦਾ ਸੀ (37:5-8; 45:26)।

**ਆਇਤ 22.** ਪਰਿਵਾਰ ਵਿਚ ਯੂਸੁਫ਼ ਦੇ ਮੌਜੂਦਾ ਇਖ਼ਤਿਆਰ ਤੇ ਜ਼ੋਰ ਦੇਣ ਦੇ ਲਈ, ਯਾਕੂਬ ਨੇ ਉਸ ਨੂੰ ਉਸ ਦੇ ਦੋ ਪੁੱਤਰਾਂ ਦੇ ਰਾਹੀਂ ਮਿਲਖ ਦਾ ਦੁਗਣਾ **ਹਿੱਸਾ** ਦੇਣ ਦਾ ਵਾਅਦਾ ਕੀਤਾ ਸੀ। ਇਫ਼ਰਾਈਮ ਅਤੇ ਮਨੱਸ਼ਹ ਦੋਹਾਂ ਨੂੰ ਵਾਅਦੇ ਦੇ ਦੇਸ ਵਿਚ ਹਿੱਸੇ ਦਿੱਤੇ ਜਾਣਗੇ। ਭਵਿੱਖ ਵਿਚ, ਜਦੋਂ ਉਹ ਇਸ ਦੇਸ ਨੂੰ ਆਪਣੇ ਕਬਜ਼ੇ ਵਿਚ ਲੈ ਲੈਣਗੇ, ਯੂਸੁਫ਼ ਦੀ ਅੰਸ "[ਉਨ੍ਹਾਂ ਦੇ] ਪਿਓ ਦਾਦਿਆਂ ਦੇ ਦੇਸ ਵਿਚ" ਮੁੜ ਆਵੇਗੀ (48:21)। ਯਾਕੂਬ ਨੇ ਨਿਸਚੇਪੂਰਵਕ ਆਖਿਆ ਕਿ ਇਹ ਸਿਰਫ ਹੁਣ ਅਤੇ ਭਵਿੱਖ ਵਿਚ ਪਰਮੇਸ਼ੁਰ ਦੇ ਲੋਕਾਂ ਨਾਲ ਉਸ ਦੀ ਹਜ਼ੂਰੀ ਦੇ ਕਾਰਣ ਨਹੀਂ ਹੋਵੇਗਾ, ਪਰ ਉਨ੍ਹਾਂ ਦੈਵੀ ਕੰਮਾਂ ਦੇ ਕਾਰਣ ਵੀ ਜਿਨ੍ਹਾਂ ਦੀ ਉਸ ਨੇ ਬੀਤੇ ਸਮੇਂ ਵਿਚ ਸਾਖੀ ਦਿੱਤੀ ਸੀ। ਉਹ ਪਰਮੇਸ਼ੁਰ ਦੇ ਵਾਅਦਿਆਂ ਵਿਚ ਨਿਹਚਾ ਨੂੰ ਪਰਗਟ ਕਰ ਰਿਹਾ ਸੀ। ਬਹੁਤ ਚਿਰ ਪਹਿਲਾਂ, ਪਰਮੇਸ਼ੁਰ ਨੇ ਪਰਤੱਖ ਰੂਪ ਵਿਚ ਯਾਕੂਬ ਨੂੰ [ਉਸ ਦੀ] **ਤੇਗ ਅਤੇ** [ਉਸ

ਦੀ] **ਧਣੁੱਖ ਨਾਲ ਅਮੋਰੀਆ ਦੇ ਹੱਥੋਂ** ਦੇਸ ਦਾ **ਇੱਕ** "ਇਲਾਕਾ" ਲੈਣ ਦੇ ਯੋਗ ਬਣਾਇਆ ਸੀ।

48:22 ਦੇ ਸੰਬੰਧ ਵਿਚ ਦੋ ਮੁਸ਼ਕਲਾਂ ਖੜ੍ਹੀਆਂ ਹੁੰਦੀਆਂ ਹਨ। ਪਹਿਲੀ ਮੁਸ਼ਕਲ "ਇਲਾਕਾ" ਸ਼ਬਦ ਦਾ ਅਨੁਵਾਦ ਹੈ। ਇਬਰਾਨੀ ਭਾਸ਼ਾ ਵਿਚ, ਇਹ שְׁכֶם (*ਸ਼ੇਕੇਮ)* ਸ਼ਬਦ ਹੈ ਜਿਸ ਦਾ ਅਰਥ ਹੈ "ਮੋਢਾ" ਜਾਂ "ਪਿੱਠ" ਹੈ (9:23; 21:14); ਪਰ ਇਹ ਕਨਾਨ ਦੇ ਕੇਂਦਰੀ ਹਿੱਸੇ ਵਿਚ ਇਕ ਸ਼ਹਿਰ ਦਾ ਨਾਮ ਵੀ ਹੈ, ਜਿੱਥੇ ਅਬਰਾਹਾਮ ਅਤੇ ਯਾਕੂਬ ਦੋਵੇਂ ਹੀ ਜਾ ਚੁੱਕੇ ਸਨ (12:6; 33:18)।[11] ਜਦੋਂ ਇਸ ਨਗਰ ਦਾ ਜ਼ਿਕਰ ਕੀਤਾ ਜਾਂਦਾ ਹੈ, ਇਸੇ ਇਬਰਾਨੀ ਸ਼ਬਦ ਦੇ ਪੰਜਾਬੀ ਅਨੁਵਾਦਾਂ ਵਿਚ ਇਸ ਨੂੰ "ਸ਼ੇਕੇਮ" ਦੀ ਬਜਾਇ "ਸ਼ਕਮ" ਲਿਖਿਆ ਜਾਂਦਾ ਹੈ। ਸ਼ਾਇਦ ਇਸ ਨਗਰ ਨੂੰ ਇਹ ਨਾਮ ਇਸ ਲਈ ਦਿੱਤਾ ਗਿਆ ਸੀ ਕਿਉਂਕਿ ਇਹ ਗਰਿੱਜ਼ੀਮ ਪਹਾੜ ਅਤੇ ਏਬਾਲ ਪਹਾੜ ਵਿਚਕਾਰ ਢਲਾਣ (ਮੋਢੇ) ਤੇ ਬਣਿਆ ਹੋਇਆ ਸੀ।[12] ਸ਼ਕਮ ਕਬਾਇਲੀ ਹਿੱਸੇ ਦੇ ਅੰਦਰ ਸੀ ਜੋ ਬਾਅਦ ਵਿਚ ਮਨੱਸ਼ਹ ਨੂੰ ਦਿੱਤਾ ਗਿਆ (ਯਹੋਸ਼ੁਆ 17:7-9) ਅਤੇ ਇਹ ਇਫ਼ਰਾਈਮ ਦੀ ਹੱਦ ਤੇ ਸੀ।

ਦੂਜੀ ਮੁਸ਼ਕਲ ਜ਼ਿਆਦਾ ਕਠਿਨ ਹੈ ਅਤੇ ਇਹ ਯਾਕੂਬ ਦੀ ਉਸ ਗੱਲ ਨਾਲ ਸੰਬੰਧ ਰੱਖਦੀ ਹੈ ਕਿ ਉਸ ਨੇ ਇਹ "ਇਲਾਕਾ" ਆਪਣੀ ਤੇਗ ਅਤੇ ਧਣੁੱਖ ਨਾਲ ਅਮੋਰੀਆ[13] ਦੇ ਹੱਥੋਂ ਖੋਹਿਆ ਸੀ। ਬਾਈਬਲ ਵਿਚ ਕੋਈ ਵੀ ਲਿਖਤ ਯਾਕੂਬ ਦੁਆਰਾ ਕਿਸੇ ਵੀ ਨਗਰ ਵਿਰੁੱਧ ਹਥਿਆਰ ਚੁੱਕਣ ਦਾ ਜ਼ਿਕਰ ਨਹੀਂ ਕਰਦੀ। 33:18, 19 ਵਿਚ, ਲਿਖਣ ਵਾਲਾ ਦੱਸਦਾ ਹੈ ਕਿ ਯਾਕੂਬ ਨੇ ਜ਼ਮੀਨ ਦਾ ਕੁਝ ਹਿੱਸਾ ਸ਼ਕਮ ਨਗਰ ਦੇ ਹਾਕਮ ਹਮੋਰ ਕੋਲੋਂ ਮੁੱਲ ਲਿਆ ਸੀ; ਪਰ ਇਸ ਦੇ ਲਈ ਕੋਈ ਲੜਾਈ ਨਹੀਂ ਸੀ ਲੜੀ ਗਈ। ਸਿਰਫ ਸ਼ਿਮਓਨ ਅਤੇ ਲੇਵੀ ਦੇ ਬਾਰੇ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਹਾਕਮ ਦੇ ਪੁੱਤਰ ਦੁਆਰਾ ਦੀਨਾਹ ਦਾ ਬਲਾਤਕਾਰ ਕਰਨ ਦੇ ਕਾਰਣ ਸ਼ਕਮ ਦੇ ਸਰਬੱਤ ਨਰਾਂ ਨੂੰ ਵੱਢ ਸੁੱਟਿਆ ਸੀ (34:25)। ਇਸ ਲੜਾਈ ਦੇ ਅਜਿਹੇ ਛੋਟੇ ਜਿਹੇ ਵਰਣਨ ਦਾ ਕਾਰਣ ਅਨੇਕ ਲੋਕਾਂ ਦਾ ਕਤਲ ਕਰਨ ਦੇ ਲਈ ਇਨ੍ਹਾਂ ਦੋਹਾਂ ਭਰਾਵਾਂ ਨੂੰ ਦੋਸ਼ੀ ਠਹਿਰਾਉਣਾ ਸੀ, ਜੋ ਯਾਕੂਬ ਨੇ ਇਸ ਖ਼ੂਨ ਖਰਾਬੇ (34:30) ਅਤੇ ਦੇਹਾਂਤ ਤੋਂ ਪਹਿਲਾਂ ਆਪਣੀਆਂ ਅਸੀਸਾਂ ਵਿਚ ਕੀਤਾ ਸੀ (49:5-7)। ਪਰ, ਯਾਕੂਬ ਦੁਆਰਾ ਸ਼ਕਮ ਦੇ ਲੋਕਾਂ ਵਿਰੁੱਧ ਆਪਣੀ ਤੇਗ ਅਤੇ ਧਣੁੱਖ ਨੂੰ ਚੁੱਕਣ ਦਾ ਕੋਈ ਜ਼ਿਕਰ ਨਹੀਂ ਹੈ।

ਸਦੀਆਂ ਤੋਂ, ਯਹੂਦੀ ਅਤੇ ਮਸੀਹੀ ਵਿਦਵਾਨ ਇਸੇ ਉਲਝਣ ਵਿਚ ਹਨ ਕਿ ਯਾਕੂਬ ਦੇ ਦਾਅਵੇ ਨੂੰ ਕਿਵੇਂ ਸਮਝਿਆ ਜਾਵੇ। ਹੇਠਾਂ ਕੁਝ ਮਹੱਤਵਪੂਰਣ ਟਿੱਪਣੀਆਂ ਦਿੱਤੀਆਂ ਗਈਆਂ ਹਨ:

1. ਇਹ ਅਸੰਭਵ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਦੋਵਾਂ ਭਰਾਵਾਂ ਨੇ ਔਰਤਾਂ ਅਤੇ ਬੱਚਿਆਂ ਦੁਆਰਾ ਚੀਕਾਂ ਮਾਰ-ਮਾਰ ਕੇ ਨਾ ਸਿਰਫ ਨਗਰ ਦੇ ਹੋਰਨਾਂ ਵਾਸੀਆਂ ਨੂੰ, ਪਰ ਯਾਕੂਬ ਦੇ ਪਰਿਵਾਰ ਅਤੇ ਨੌਕਰਾਂ ਨੂੰ ਸੁਚੇਤ ਕੀਤੇ ਬਿਨਾਂ ਸ਼ਕਮ ਦੇ ਸਾਰੇ ਨਰਾਂ ਨੂੰ ਆਪਣੇ ਆਪ ਨੂੰ ਮਾਰਨ ਦਿੱਤਾ ਹੋਵੇਗਾ। ਇਸ ਦੇ ਕਾਰਣ ਲੜਾਈ ਹੋਰ ਜ਼ਿਆਦਾ ਵਧੀ ਹੋਵੇਗੀ ਜਿਸ ਵਿਚ ਹਮੋਰ ਦੇ ਮਨੁੱਖਾਂ ਦੇ ਵਿਰੁੱਧ ਯਾਕੂਬ ਦੇ ਸਾਰੇ ਮਨੁੱਖ ਵੀ ਇਸ ਮੁਸ਼ਕਲ ਲੜਾਈ ਵਿਚ ਸ਼ਾਮਲ ਹੋਏ ਹੋਣਗੇ। ਜੇਕਰ ਇਸ ਤਰ੍ਹਾਂ ਹੋਇਆ ਸੀ, ਤਾਂ ਯਾਕੂਬ ਨੇ ਨਿਸ਼ਚਤ ਤੌਰ ਤੇ ਇਸ ਕਰਕੇ ਦੋਵਾਂ ਪੁੱਤਰਾਂ ਨੂੰ ਝਿੜਕਿਆ ਹੋਵੇਗਾ ਅਤੇ ਬਾਅਦ ਵਿਚ ਪੁਰਖੇ ਦੀ ਅੰਸ ਵਿਚ ਉਸ ਨੇ ਉਨ੍ਹਾਂ ਦੇ ਆਗੂ ਬਣਨ ਦੇ ਲਈ ਉਨ੍ਹਾਂ ਵਿਚ ਭਰੋਸੇ ਨੂੰ ਗੁਆ ਦਿੱਤਾ ਹੋਵੇਗਾ (49:5-7)।[14] ਇਸ ਵਿਚਾਰ ਵਿਚ ਵੱਡੀ ਕਮਜ਼ੋਰੀ ਇਹ ਹੈ ਕਿ ਬਾਈਬਲ ਦਾ ਬਿਰਤਾਂਤ ਸ਼ਕਮ ਦੇ ਲਈ ਅਜਿਹੀ ਵਿਸਤ੍ਰਿਤ ਲੜਾਈ ਦਾ ਜ਼ਿਕਰ ਨਹੀਂ ਕਰਦਾ। ਇਹ ਕਲਪਨਾ ਕਰਨਾ ਵੀ ਮੁਸ਼ਕਲ ਹੈ ਕਿ ਸ਼ਕਮ ਦੇ ਲੋਕਾਂ ਨਾਲ ਇਹੋ ਜਿਹੀ ਕੋਈ ਲੜਾਈ ਹੋਈ ਹੋਵੇਗੀ ਜਿਸ ਵਿਚ ਸਿਰਫ ਸ਼ਕਮ ਦੇ ਹੀ ਲੋਕ ਜਖਮੀ ਹੋਏ ਜਾਂ ਮਰੇ ਹੋਣਗੇ, ਜਦ ਕਿ ਇਸਰਾਏਲੀ ਬਿਲਕੁਲ ਸਹੀ ਸਲਾਮਤ ਸਨ।

2. ਭਾਵੇਂ ਕਿ ਯਾਕੂਬ ਨੇ ਸ਼ਿਮਓਨ ਅਤੇ ਲੇਵੀ ਦੁਆਰਾ ਸ਼ਕਮ ਦੇ ਲੋਕਾਂ ਨੂੰ ਵੱਢਣ ਅਤੇ

ਨਗਰ ਨੂੰ ਲੁੱਟਣ ਵਿਚ ਵਿਅਕਤੀਗਤ ਤੌਰ ਤੇ ਹਿੱਸਾ ਨਹੀਂ ਸੀ ਲਿਆ, ਕਈ ਸਾਲਾਂ ਬਾਅਦ ਉਸ ਨੇ ਇਸ ਲੜਾਈ ਦਾ ਉਸ ਦੀ ਆਪਣੀ ਲੜਾਈ ਦੇ ਰੂਪ ਵਿਚ ਜ਼ਿਕਰ ਕੀਤਾ ਕਿਉਂਕਿ ਉਸ ਦੇ ਪੁੱਤਰਾਂ ਨੇ ਜੋ ਕੀਤਾ ਸੀ ਉਸ ਨੂੰ ਉਸ ਦਾ ਹੀ ਕੰਮ ਕਿਹਾ ਜਾ ਸਕਦਾ ਸੀ।

3. ਤੇਗ ਅਤੇ ਧਣੁੱਖ ਨਾਲ ਅਮੋਰੀਆਂ ਤੇ ਯਾਕੂਬ ਦੀ ਜਿੱਤ ਸ਼ਕਮ ਦੇ ਲਈ ਲੜੀ ਗਈ ਇਕ ਹੋਰ ਲੜਾਈ ਹੋਵੇਗੀ ਜਿਸ ਨੂੰ ਉਤਪਤ ਦੇ ਬਿਰਤਾਂਤ ਵਿਚ ਸ਼ਾਮਲ ਨਹੀਂ ਸੀ ਕੀਤਾ ਗਿਆ। ਪਰ ਇਤਹਾਸਕ ਬਿਰਤਾਂਤ ਵਿਚ ਜਾਂ ਤਾਂ ਅਧਿਆਇ 34 ਤੋਂ ਪਹਿਲਾਂ ਜਾਂ ਬਾਅਦ ਵਿਚ ਅਜਿਹੀ ਘਟਨਾ ਨੂੰ ਫਿੱਟ ਕਰਨਾ ਮੁਸ਼ਕਲ ਹੋਵੇਗਾ, ਜਦੋਂ ਯਾਕੂਬ ਅਤੇ ਉਸ ਦੀ ਟੋਲੀ ਸ਼ਕਮ ਦੇ ਇਲਾਕੇ ਤੋਂ ਲਹਿੰਦੇ ਵੱਲ ਨੂੰ ਲਗਭਗ ਪੰਜਾਹ ਮੀਲ ਹਬਰੋਨ ਵਿਚ ਗਈ।

4. 147 ਸਾਲ ਦੀ ਉਮਰ ਵਿਚ, ਯਾਕੂਬ ਨੂੰ ਇਸ ਘਟਨਾ ਦਾ ਵੇਰਵਾ ਸਾਫ਼ ਤੌਰ ਤੇ ਯਾਦ ਨਹੀਂ ਸੀ; ਇਸ ਲਈ, ਉਸ ਨੇ ਇਸ ਨੂੰ ਅਮੋਰੀਆਂ ਤੇ ਉਸ ਦੀ ਜਿੱਤ ਦੇ ਰੂਪ ਵਿਚ ਵਿਅਕਤੀਗਤ ਬਣਾ ਦਿੱਤਾ। ਇਹ ਵਿਆਖਿਆ ਸੰਦੇਹਪੂਰਣ ਹੈ; ਅਧਿਆਇ 48 ਵਿਖਾਉਂਦਾ ਹੈ ਕਿ ਹਾਲਾਂਕਿ ਯਾਕੂਬ ਦਾ ਸਰੀਰ ਕਮਜ਼ੋਰ ਸੀ, ਉਸ ਦੀ ਸੋਚਣ ਦੀ ਸ਼ਕਤੀ ਹਾਲੇ ਵੀ ਮਜ਼ਬੂਤ ਸੀ।

ਇਨ੍ਹਾਂ ਵਿੱਚੋਂ ਸੰਭਵ ਤੌਰ ਤੇ ਕੋਈ ਵੀ ਸੁਝਾਅ ਨਿਸ਼ਚਤ ਨਹੀਂ ਹੈ। ਯਾਕੂਬ ਦੁਆਰਾ ਕਹੀ ਗਈ ਗੱਲ ਇੱਕ ਪਹੇਲੀ ਹੀ ਰਹੇਗੀ ਜਿਸ ਦਾ ਸੰਭਵ ਤੌਰ ਤੇ ਕਦੇ ਕੋਈ ਹੱਲ ਨਹੀਂ ਨਿੱਕਲੇਗਾ, ਕਿਉਂਕਿ ਸਾਡੇ ਕੋਲ ਪੁਰਖੇ ਦੇ ਆਪਣੇ ਵੈਰੀਆਂ ਤੇ ਤੇਗ ਅਰ ਧਣੁੱਖ ਨਾਲ ਪ੍ਰਾਪਤ ਕੀਤੀ ਗਈ ਜਿੱਤ ਦੇ ਵਿਖੇ ਕੋਈ ਇਤਹਾਸਕ ਪ੍ਰਮਾਣ ਨਹੀਂ ਹੈ।

# ਪ੍ਰਾਸੰਗਿਕਤਾ

**ਪਰਿਪੱਕ ਨਿਹਚਾ (47:28–48:22)**

ਉਤਪਤ ਦੀ ਪੁਸਤਕ ਦੇ ਆਖ਼ਰੀ ਅਧਿਆਵਾਂ ਵਿਚ ਯਾਕੂਬ ਦਾ ਚਿੱਤਰ ਇਕ ਬਜ਼ੁਰਗ ਪੁਰਖੇ ਦਾ ਹੈ ਜਿਸ ਦੀ ਨਿਹਚਾ ਸਮੇਂ ਦੇ ਨਾਲ ਪਰਿਪੱਕ ਹੁੰਦੀ ਗਈ ਸੀ। ਉਹ ਆਪਣੀਆਂ ਗਲਤੀਆਂ ਤੋਂ ਸਿੱਖ ਕੇ ਵੱਡਾ ਹੋਇਆ ਸੀ ਅਤੇ ਜੀਵਨ ਦੇ ਤੁਫ਼ਾਨਾਂ ਤੋਂ ਬਚਿਆ ਸੀ। ਧਰਤੀ ਉੱਤੇ ਆਪਣੇ ਆਖ਼ਰੀ ਦਿਨਾਂ ਵਿਚ, ਉਹ ਇਹ ਨਿਸ਼ਚਤ ਕਰਨਾ ਚਾਹੁੰਦਾ ਸੀ ਕਿ ਉਸ ਦੀ ਅੰਸ ਦੇ ਕੋਲ ਇਸ ਕਿਸਮ ਦੀ ਨਿਹਚਾ ਹੋਵੇ। ਉਸ ਦੇ ਉਦਾਹਰਣ ਤੋਂ ਸਾਨੂੰ ਪਰਮੇਸ਼ੁਰ ਤੇ ਹੋਰ ਜ਼ਿਆਦਾ ਭਰੋਸਾ ਕਰਨ ਦੀ ਪ੍ਰੇਰਣਾ ਮਿਲਣੀ ਚਾਹੀਦੀ ਹੈ।

*ਪਰਿਪੱਕ ਨਿਹਚਾ ਇਹ ਆਸ ਰੱਖਣ ਵਿਚ ਮਦਦ ਕਰਦੀ ਹੈ ਕਿ ਪਰਮੇਸ਼ੁਰ ਦੇ ਆਖ਼ਰੀ ਵਾਅਦੇ ਜ਼ਰੂਰ ਪੂਰੇ ਹੋਣਗੇ।* ਓਪਰੇ ਦੇਸ ਵਿਚ ਯਾਕੂਬ ਦੇ ਮਰਨ ਦੇ ਦਿਨ ਨੇੜੇ ਸਨ ਅਤੇ ਹਾਲਾਂਕਿ ਉਸ ਦੇ ਪਰਿਵਾਰ ਦਾ ਮਿਸਰ ਵਿਚ ਯੂਸੁਫ਼ ਨਾਲ ਪੁਨਰ ਮੇਲ ਹੋ ਗਿਆ ਸੀ ਅਤੇ ਉਹ ਉੱਥੇ ਫ਼ਿਰਊਨ ਦੀ ਪ੍ਰਾਹੁਣਚਾਰੀ ਦੇ ਕਾਰਣ ਬਹੁਤ ਸਾਰੇ ਪਦਾਰਥਾਂ ਦਾ ਅਨੰਦ ਮਾਣ ਰਹੇ ਸਨ, ਬਿਰਧ ਪੁਰਖੇ ਨੂੰ ਚੇਤੇ ਆਇਆ ਕਿ ਮਿਸਰ ਉਨ੍ਹਾਂ ਦਾ ਸਥਾਈ ਜਾਂ ਪੱਕਾ ਘਰ ਨਹੀਂ ਸੀ। ਉਹ ਆਪਣੇ ਦਾਦੇ ਅਬਰਾਹਾਮ, ਆਪਣੇ ਪਿਤਾ ਇਸਹਾਕ ਅਤੇ ਆਪਣੀ ਪਿਆਰੀ ਪਤਨੀ ਰਾਖੇਲ ਤੋਂ ਉਸ ਦੇ ਦੂਰ ਦਫ਼ਨਾਏ ਜਾਣ ਦੇ ਵਿਚਾਰ ਨੂੰ ਸਹਿਣ ਨਹੀਂ ਸੀ ਕਰ ਸਕਦਾ। ਇਸ ਲਈ, ਯਾਕੂਬ ਨੇ ਯੂਸੁਫ਼ ਨੂੰ ਸੌਂਹ ਖਵਾਈ ਕਿ ਉਹ ਉਸ ਦੀ ਦੇਹ ਨੂੰ ਮਿਸਰ ਵਿਚ ਨਾ ਦਫ਼ਨਾਏ, ਬਲਕਿ ਵਾਪਸ ਕਨਾਨ ਵਿਚ ਲੈ ਜਾਵੇ ਅਤੇ ਉਸ ਕਬਰਿਸਤਾਨ ਵਿਚ ਦਫ਼ਨਾਏ ਜਿੱਥੇ ਉਸ ਦਾ ਬਾਕੀ ਦਾ ਸਾਰਾ ਪਰਿਵਾਰ ਦਫ਼ਨਾਇਆ ਗਿਆ ਸੀ: ਹਕਫੇਲਾਹ ਦੀ ਪੈਲੀ ਦੀ ਗੁਫਾ (47:29-31; 50:13)।

ਯਾਕੂਬ ਪਰਮੇਸ਼ੁਰ ਦੇ ਵਾਅਦੇ ਨੂੰ ਜਾਣਦਾ ਸੀ: ਚਾਰ ਸੌ ਸਾਲਾਂ ਬਾਅਦ, ਉਹ ਦੀ ਅੰਸ ਮਿਸਰ ਤੋਂ ਕਨਾਨ ਅਰਥਾਤ ਵਾਅਦੇ ਦੇ ਦੇਸ ਵਿਚ ਵਾਪਸ ਆ ਜਾਵੇਗੀ (15:13-16)। ਜੇਕਰ

ਉਹ ਆਪਣੇ ਪਿਓ ਦਾਦਿਆਂ ਦੇ ਨਾਲ ਦਫ਼ਨਾਇਆ ਜਾਂਦਾ, ਤਾਂ ਉਹ, ਇਕ ਭਾਵ ਵਿਚ, ਉਨ੍ਹਾਂ ਨਾਲ ਉਸ ਪਰਤਾਪਮਾਈ ਭਵਿੱਖ ਵਿਚ ਸਾਂਝੀ ਹੋਵੇਗਾ। ਯੂਸੁਫ਼ ਦਾ ਪਿਤਾ ਉਸ ਨੂੰ ਜੋ ਕੁਝ ਕਰਨ ਦੇ ਲਈ ਆਖ ਰਿਹਾ ਸੀ ਉਸ ਦੀ ਸੌਂਹ ਖਾਣ ਤੋਂ ਬਾਅਦ, "ਇਸਰਾਏਲ ਆਪਣੇ ਮੰਜੇ ਦੇ ਸਰਹਾਣੇ ਉੱਤੇ ਨਿਉਂ ਗਿਆ" (47:31)। ਇਬਰਾਨੀਆਂ ਦੇ ਲੇਖਕ ਨੇ ਇਸ ਦੀ ਜੀਵਨ ਵਿਚ ਯਾਕੂਬ ਦੇ ਆਖ਼ਰੀ ਕੰਮ ਦੇ ਰੂਪ ਵਿਚ ਵਿਆਖਿਆ ਕੀਤੀ ਸੀ – ਬੰਦਗੀ ਕਰਦਿਆਂ ਨਿਹਚਾ ਨਾਲ ਮਰਨਾ (ਇਬਰਾਨੀਆਂ 11:22)।

ਪੁਰਖੇ ਦੇ ਸਮਿਆਂ ਵਿਚ, ਪਰਮੇਸ਼ੁਰ ਦੇ ਲੋਕਾਂ ਕੋਲ ਮੌਤ ਤੋਂ ਬਾਅਦ ਜੀਵਨ ਦਾ ਕੋਈ ਵਿਸ਼ੇਸ਼ ਵਾਅਦਾ ਸੀ, ਜਿਵੇਂ ਕਿ ਬਾਅਦ ਵਿਚ ਯਿਸੂ ਨੇ ਲਾਜ਼ਰ ਦੀ ਕਬਰ ਤੇ ਉਸ ਨੂੰ ਜ਼ਿੰਦਾ ਕਰਦਿਆਂ ਆਪਣੇ ਚੇਲਿਆਂ ਨੂੰ ਦਿੱਤਾ ਸੀ (ਯੂਹੰਨਾ 11:21-27); ਫਿਰ ਵੀ, ਨਿਹਚਾ ਨਾਲ, ਉਨ੍ਹਾਂ ਨੇ ਸਮਝਿਆ ਕਿ ਮੌਤ ਅੰਤ ਨਹੀਂ ਹੋ ਸਕਦੀ। ਇਬਰਾਨੀਆਂ ਦੇ ਲੇਖਕ ਨੇ ਪੁਸ਼ਟੀ ਕੀਤੀ ਸੀ ਕਿ ਪੁਰਾਣੇ ਜ਼ਮਾਨੇ ਦੇ ਵਿਸ਼ਵਾਸੀ "ਨਿਹਚਾ ਵਿੱਚ ਮਰ ਗਏ ਅਤੇ ਉਨ੍ਹਾਂ ਨੂੰ ਦਿੱਤੇ ਹੋਏ ਬਚਨ ਪਰਾਪਤ ਨਾ ਹੋਏ ਪਰ ਓਹ ਦੂਰੋਂ ਉਨ੍ਹਾਂ ਨੂੰ ਵੇਖ ਕੇ ਜੀ ਆਇਆਂ ਨੂੰ ਆਖਿਆ ਅਤੇ ਮੰਨ ਲਿਆ ਭਈ ਅਸੀਂ ਧਰਤੀ ਉੱਤੇ ਓਪਰੇ ਅਤੇ ਪਰਦੇਸੀ ਹਾਂ" (ਇਬਰਾਨੀਆਂ 11:13)। ਅਸਲ ਵਿਚ, ਪੁਰਾਣੇ ਨੇਮ ਦੇ ਇਹ ਗੁਣਵਾਨ ਮਨੁੱਖ ਆਪਣੇ ਜੀਵਨਾਂ ਦੇ ਜ਼ਿਆਦਾਤਰ ਸਮੇਂ ਵਿਚ, ਮੂਰਤੀਪੂਜਾ, ਪਾਪ, ਹਿੰਸਾ ਅਤੇ ਭ੍ਰਿਸ਼ਟਾਚਾਰ ਤੋਂ ਇਲਾਵਾ ਜੋ ਉਨ੍ਹਾਂ ਦੇ ਸੰਸਾਰ ਵਿਚ ਫੈਲੇ ਹੋਏ ਸਨ "ਇੱਕ ਨਗਰੀ" ਅਤੇ "ਇੱਕ ਉੱਤਮ ਦੇਸ" ਦੀ ਤਲਾਸ਼ ਵਿਚ ਇਕ ਥਾਂ ਤੋਂ ਦੂਜੇ ਥਾਂ ਤੇ ਭਟਕਦੇ ਰਹੇ (ਇਬਰਾਨੀਆਂ 11:16)। ਇਕ ਭਾਵ ਵਿਚ – ਅਤੇ ਸ਼ਾਇਦ ਇਸ ਨੂੰ ਪੂਰੀ ਤਰ੍ਹਾਂ ਸਮਝੇ ਬਿਨਾਂ – ਉਹ ਜੋ ਚਾਹੁੰਦੇ ਸਨ ਉਹ ਸੀ ਇਕ "ਸੁਰਗੀ" ਘਰ ਕਿਉਂਕਿ ਉਹ ਸਮਝ ਗਏ ਸਨ ਕਿ ਧਰਤੀ ਉੱਤੇ ਸੁਰਗ ਵਰਗੀ ਸ਼ਾਂਤੀਪੂਰਣ ਅਤੇ ਸੁਰੱਖਿਆ ਵਾਲੀ ਕੋਈ ਥਾਂ ਨਹੀਂ ਹੈ (ਇਬਰਾਨੀਆਂ 11:16)।

ਭਵਿੱਖ ਲਈ ਆਸ਼ਾ ਅਤੇ ਸੁਰੱਖਿਆ ਦਾ ਇਹੋ ਜਿਹਾ ਹੀ ਸੰਦੇਸ਼ ਯਹੂਦੀ ਮਸੀਹੀ ਲੋਕਾਂ ਦੇ ਲਈ ਢੁਕਵਾਂ ਸੀ ਜਿਹੜੇ ਯਰੂਸ਼ਲਮ ਦੇ ਡਿੱਗਣ (70 ਈਸਵੀ) ਤੋਂ ਪਹਿਲਾਂ, ਪਹਿਲੀ ਸਦੀ ਵਿਚ ਜੀ ਰਹੇ ਸਨ। ਪਰਤੱਖ ਰੂਪ ਵਿਚ, ਕੌਮੀ ਯਹੂਦੀ ਦਬਾਅ ਦੇ ਕਾਰਣ, ਉਨ੍ਹਾਂ ਵਿੱਚੋਂ ਕੁਝ ਲੋਕ ਯਿਸੂ ਮਸੀਹ ਆਪਣੇ ਮੁਕਤੀਦਾਤਾ ਅਤੇ ਪ੍ਰਭੂ ਵਿਚ ਉਨ੍ਹਾਂ ਦੀ ਨਿਹਚਾ ਨੂੰ ਤਿਆਗਣ ਦੇ ਖ਼ਤਰੇ ਵਿਚ ਸਨ (ਇਬਰਾਨੀਆਂ 3:12-14)। ਬਹੁਤ ਸਾਰੇ ਲੋਕ ਯਹੂਦੀ ਰੀਤਾਂ ਅਤੇ ਮੰਦਿਰ ਦੀ ਪੂਜਾ ਦੇ ਲਈ ਨਵੇਂ ਸਮਰਪਣ ਦੀ ਵੱਲ ਆਕਰਸ਼ਿਤ ਹੋ ਗਏ ਸਨ। ਉਹ ਪਾਪ ਦੇ ਬਲੀਦਾਨਾਂ ਦੇ ਰੂਪ ਵਿਚ ਫੇਰ ਤੋਂ ਜਾਨਵਰਾਂ ਦੀਆਂ ਬਲੀਆਂ ਦੇਣ ਵਿਚ ਭਰੋਸਾ ਕਰਨ ਲੱਗ ਪਏ (ਇਬਰਾਨੀਆਂ 10:1-4)। ਇਸ ਤੋਂ ਇਲਾਵਾ, ਬਲੀਦਾਨਾਂ ਵਾਲੀਆਂ ਭੇਟਾਂ ਨੂੰ ਯਰੂਸ਼ਲਮ ਦੇ ਨੇੜੇ ਆਉਣ ਵਾਲੇ ਰੋਮੀ ਨਾਸ ਨੂੰ ਰੋਕਣ ਦੇ ਜ਼ਰੀਏ ਦੇ ਰੂਪ ਵਿਚ ਵੇਖਿਆ ਜਾਂਦਾ ਸੀ (ਇਬਰਾਨੀਆਂ 10:25-29), ਜਿਸ ਦੇ ਬਾਰੇ ਯਿਸੂ ਨੇ ਪਹਿਲਾਂ ਹੀ ਦੱਸ ਦਿੱਤਾ ਸੀ ਜੋ ਉਨ੍ਹਾਂ ਦੇ ਜੀਵਨਕਾਲ ਦੌਰਾਨ ਹੋਵੇਗਾ (ਲੂਕਾ 21:20-24)। ਕੁਝ ਹੱਦ ਤੱਕ, ਮਸੀਹੀ ਵਿਵਸਥਾ ਵਿਚ ਪਰਮੇਸ਼ੁਰ ਦੇ ਇਨ੍ਹਾਂ ਲੋਕਾਂ ਦਾ ਵੀ ਉਹੀ ਅਹੁਦਾ ਸੀ ਜੋ ਪੁਰਾਣੇ ਨੇਮ ਦੇ ਨਿਹਚਾ ਦੇ ਸੂਰਬੀਰਾਂ ਦਾ ਸੀ। "ਓਹ ਉਸ ਤੋਂ ਉੱਤਮ ਅਰਥਾਤ ਸੁਰਗੀ ਦੇਸ [ਨਗਰੀ] ਨੂੰ ਲੋਚਦੇ ਸਨ" ਜੋ ਪਰਮੇਸ਼ੁਰ ਨੇ "ਉਨ੍ਹਾਂ ਦੇ ਲਈ ਤਿਆਰ ਕਰ ਛੱਡੀ ਹੈ" (ਇਬਰਾਨੀਆਂ 11:16)।

ਮਸੀਹ ਵੱਲੋਂ ਸਾਡਾ ਸੰਦੇਸ਼ ਇਹ ਹੈ ਕਿ ਸਾਨੂੰ ਯਰੂਸ਼ਲਮ ਜਾਂ ਕਿਸੇ ਹੋਰ ਦੁਨਿਆਵੀ ਸ਼ਹਿਰ ਨੂੰ ਸਾਡੇ ਅਸਲੀ ਘਰ ਦੇ ਰੂਪ ਵਿਚ ਨਹੀਂ ਵੇਖਣਾ ਚਾਹੀਦਾ। "ਕਿਉਂ ਜੋ ਸਾਡਾ ਇੱਥੇ ਕੋਈ ਇਸਥਿਰ ਰਹਿਣ ਵਾਲਾ ਸ਼ਹਿਰ ਨਹੀਂ ਹੈ ਸਗੋਂ ਅਸੀਂ ਆਉਣ ਵਾਲੇ ਸ਼ਹਿਰ ਨੂੰ ਭਾਲਦੇ ਹਾਂ" (ਇਬਰਾਨੀਆਂ 13:14)। ਇਬਰਾਨੀਆਂ ਦਾ ਲੇਖਕ ਇਸੇ ਲਈ "ਪੂਰੀ ਨਿਹਚਾ" ਅਤੇ ਯਿਸੂ ਵਿਚ

“ਆਸ” ਨਾਲ (ਇਬਰਾਨੀਆਂ 6:11; 10:22) ਕਹਿ ਸਕਿਆ ਕਿ ਅਸੀਂ ਪਹਿਲਾਂ ਤੋਂ ਹੀ “ਸੀਯੋਨ ਦੇ ਪਹਾੜ ਕੋਲ ਆਏ ਹਾਂ ਅਤੇ ਅਕਾਲ ਪੁਰਖ ਦੀ ਨਗਰੀ ਸੁਰਗੀ ਯਰੂਸ਼ਲਮ ਕੋਲ ਅਤੇ ਜੋੜ ਮੇਲੇ ਵਿੱਚ ਲੱਖਾਂ ਦੂਤਾਂ ਕੋਲ ਅਤੇ ਪਲੋਠਿਆਂ ਦੀ ਕਲੀਸਿਯਾ ਕੋਲ ਜਿਨ੍ਹਾਂ ਦੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ” (ਇਬਰਾਨੀਆਂ 12:22, 23)।

*ਪਰਿਪੱਕ ਨਿਹਚਾ ਭਵਿੱਖ ਵਿਚ ਭਰੋਸੇ ਨੂੰ ਵਿਕਸਤ ਕਰਦੀ ਹੈ ਜਦੋਂ ਅਸੀਂ ਪਰਮੇਸ਼ੁਰ ਦੀਆਂ ਉਨ੍ਹਾਂ ਬਰਕਤਾਂ ਨੂੰ ਚੇਤੇ ਕਰਦੇ ਹਾਂ ਜੋ ਉਸ ਨੇ ਸਾਨੂੰ ਬੀਤੇ ਸਮੇਂ ਵਿਚ ਦਿੱਤੀਆਂ ਸਨ।* ਜਦੋਂ ਯਾਕੂਬ ਮੌਤ ਦੇ ਨੇੜੇ ਪਹੁੰਚ ਗਿਆ, ਯੂਸੁਫ਼ ਆਪਣੇ ਦੋ ਪੁੱਤਰਾਂ, ਮਨੱਸ਼ਹ ਅਤੇ ਇਫ਼ਰਾਈਮ ਨਾਲ ਉਸ ਦੇ ਕੋਲ ਆਇਆ। ਪਹਿਲਾਂ ਕੰਮ ਜੋ ਇਸ ਬੁੱਢੇ ਪੁਰਖੇ ਨੇ ਕੀਤਾ ਉਹ ਇਹ ਸੀ ਕਿ ਉਸ ਨੇ ਪਰਮੇਸ਼ੁਰ ਦੇ ਮਹਾਨ ਵਾਅਦਿਆਂ ਦਾ ਮੁੜ ਨਿਰੀਖਣ ਕੀਤਾ:

> ਸਰਬ-ਸ਼ਕਤੀਮਾਨ ਪਰਮੇਸ਼ੁਰ ਨੇ ਮੈਨੂੰ ਕਨਾਨ ਦੇਸ ਵਿੱਚ ਲੂਜ਼ ਕੋਲ ਦਰਸ਼ਨ ਦਿੱਤਾ ਅਤੇ ਮੈਨੂੰ ਬਰਕਤ ਦਿੱਤੀ ਅਰ ਮੈਨੂੰ ਆਖਿਆ, ਵੇਖ ਮੈਂ ਤੈਨੂੰ ਫਲਵੰਤ ਕਰਾਂਗਾ ਅਤੇ ਤੈਨੂੰ ਵਧਾਵਾਂਗਾ ਅਰ ਤੈਥੋਂ ਢੇਰ ਸਾਰੀਆਂ ਕੌਮਾਂ ਬਣਾਵਾਂਗਾ ਅਤੇ ਤੇਰੇ ਮਗਰੋਂ ਏਹ ਦੇਸ ਸਦਾ ਲਈ ਤੇਰੀ ਅੰਸ ਦੀ ਮਿਲਖ ਕਰਾਂਗਾ (48:3, 4)।

ਪਰਮੇਸ਼ੁਰ ਨੇ ਪਹਿਲ ਕੀਤੀ ਸੀ ਅਤੇ ਉਸ ਦੇ ਨਾਲ ਵਾਅਦੇ ਕੀਤੇ ਸਨ ਜਦੋਂ ਉਹ ਅਤੇ ਉਸ ਦਾ ਪਰਿਵਾਰ ਸ਼ਕਮ ਤੋਂ ਭੱਜ ਰਹੇ ਸਨ ਜਦੋਂ ਉਸ ਦੇ ਪੁੱਤਰਾਂ ਨੇ ਨਗਰ ਦੇ ਮਨੁੱਖਾਂ ਨਾਲ ਧੋਖਾ ਕੀਤਾ ਅਤੇ ਉਨ੍ਹਾਂ ਨੂੰ ਵੱਢ ਸੁੱਟਿਆ ਅਤੇ ਉਨ੍ਹਾਂ ਦਾ ਧਨ, ਇੱਜੜ, ਭੇਡਾਂ ਬੱਕਰੀਆਂ, ਤੀਵੀਆਂ ਅਤੇ ਬੱਚਿਆਂ ਨੂੰ ਲੁੱਟ ਲਿਆ (34:25-29)। ਬੇਸ਼ੱਕ, ਉਹ ਡਰਦੇ ਸਨ ਕਿ ਇਲਾਕੇ ਵਿਚ ਹੋਰ ਕਨਾਨੀ ਨਗਰ ਅਤੇ ਪਿੰਡ ਕਿਤੇ ਉਨ੍ਹਾਂ ਕੋਲੋਂ ਬਦਲਾ ਨਾ ਲੈਣ, ਪਰ ਉਨ੍ਹਾਂ ਦੇ ਆਲੇ-ਦੁਆਲੇ ਦੇ “ਨਗਰਾਂ ਉੱਤੇ ਪਰਮੇਸ਼ੁਰ ਦਾ ਡਰ ਪੈ ਗਿਆ,” ਸੋ “ਉਨ੍ਹਾਂ ਨੇ ਯਾਕੂਬ ਦੇ ਪੁੱਤ੍ਰਾਂ ਦਾ ਪਿੱਛਾ ਨਾ ਕੀਤਾ” (35:5)। ਪਰਮੇਸ਼ੁਰ ਨੇ ਯਾਕੂਬ ਨਾਲ ਗੱਲ ਕੀਤੀ ਅਤੇ ਉਸ ਨੂੰ ਬੈਤਏਲ (ਲੂਜ਼) ਵਿਚ ਉਸ ਦੇ ਲਈ ਇਕ ਜਗਵੇਦੀ ਬਣਾਉਣ ਨੂੰ ਆਖਿਆ। ਯਾਕੂਬ ਨੇ ਆਪਣੀ ਸੈਨਾ ਵਿੱਚੋਂ ਮੂਰਤੀਪੂਜਾ ਦਾ ਖਾਤਮਾ ਕਰਨਾ ਸੀ। ਉਨ੍ਹਾਂ ਨੇ ਆਪਣੇ ਬਸਤ੍ਰ ਬਦਲਨੇ ਅਤੇ ਆਪਣੇ ਆਪ ਨੂੰ ਸ਼ੁੱਧ ਕਰਨਾ ਸੀ; ਫਿਰ ਯਾਕੂਬ ਪਰਮੇਸ਼ੁਰ ਦੀ ਬੰਦਗੀ ਕਰਨ ਦੀ ਤਿਆਰੀ ਵਿਚ ਜਗਵੇਦੀ ਬਣਾ ਸਕਦਾ ਸੀ। ਪਰਮੇਸ਼ੁਰ ਦੇ ਲੋਕਾਂ ਨੂੰ ਇਹ ਸਮਝਣ ਦੀ ਲੋੜ ਸੀ ਕਿ ਸੱਚਾ ਪਰਮੇਸ਼ੁਰ ਉਨ੍ਹਾਂ ਦੇ ਧੋਖੇ, ਕਤਲ, ਚੋਰੀ ਅਤੇ ਮੂਰਤੀਪੂਜਾ ਨੂੰ ਬਰਦਾਸ਼ਤ ਨਹੀਂ ਕਰੇਗਾ ਜਿਸ ਦੇ ਵਿਚ ਉਹ ਸ਼ਾਮਲ ਸਨ ਜਦੋਂ ਉਹ ਸ਼ਕਮ ਵਿਚ ਰਹਿੰਦੇ ਸਨ (35:1-3)।[15] ਯਾਕੂਬ ਦੇ ਪਰਿਵਾਰ ਲਈ ਅਤੇ ਜਿਹੜੇ ਉਨ੍ਹਾਂ ਦੇ ਨਾਲ ਸਨ ਉਨ੍ਹਾਂ ਦੇ ਲਈ ਬੰਦਗੀ ਦੀ ਬੁਨਿਆਦ ਪਰਮੇਸ਼ੁਰ ਕੌਣ ਹੈ ਅਤੇ ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਵੈਰੀਆਂ ਤੋਂ ਸਰੀਰਕ ਤੌਰ ਤੇ ਅਤੇ ਉਨ੍ਹਾਂ ਦੇ ਪਾਪਾਂ ਤੋਂ ਆਤਮਿਕ ਤੌਰ ਤੇ ਬਚਾਉਣ ਦੇ ਲਈ ਜੋ ਕੀਤਾ ਸੀ ਉਸ ਨੂੰ ਧੰਨਵਾਦ ਸਹਿਤ ਯਾਦ ਕਰਨਾ ਸੀ।

ਜਦੋਂ ਯਾਕੂਬ ਨੇ ਆਪਣੇ ਪੁੱਤਰ ਯੂਸੁਫ਼ ਅਤੇ ਆਪਣੇ ਪੋਤਰਿਆਂ ਮਨੱਸ਼ਹ ਅਤੇ ਇਫ਼ਰਾਈਮ ਦੇ ਸਾਹਮਣੇ ਯਾਦ ਕੀਤਾ, ਉਸ ਨੂੰ ਯਾਦ ਆਇਆ ਕਿ ਉਹ ਬਰਕਤਾਂ ਜਿਨ੍ਹਾਂ ਦਾ ਪਰਮੇਸ਼ੁਰ ਨੇ ਉਸ ਨੂੰ ਦੂਜੀ ਵਾਰ ਬੈਤਏਲ ਨੂੰ ਜਾਂਦਿਆਂ ਵਾਅਦਾ ਕੀਤਾ ਸੀ ਅਸਲ ਵਿਚ ਉਹੀ ਬਰਕਤਾਂ ਸਨ ਜਿਨ੍ਹਾਂ ਦਾ ਉਸ ਨੂੰ ਇਸੇ ਥਾਂ ਤੇ ਵੀਹ ਸਾਲ ਪਹਿਲਾਂ ਵਾਅਦਾ ਦਿੱਤਾ ਗਿਆ ਸੀ (28:12-15; 35:11, 12)। ਇਸ ਤੋਂ ਇਲਾਵਾ, ਉਨ੍ਹਾਂ ਵਿੱਚੋਂ ਕੁਝ ਵਾਅਦੇ ਉਹੀ ਸਨ ਜੋ ਪਰਮੇਸ਼ੁਰ ਨੇ ਕੀਤੇ ਅਤੇ ਫਿਰ ਅਬਰਾਹਾਮ ਨੂੰ ਦੁਹਰਾਏ ਸਨ (12:1-3; 17:1-8)। ਯਹੋਵਾਹ ਪਰਮੇਸ਼ੁਰ ਨੇ ਇਹ ਜ਼ੋਰ ਦੇਣ ਦੇ ਲਈ ਕਿ ਕੋਈ ਵੀ ਤਾਕਤ ਜਾਂ ਸ਼ਕਤੀ ਉਸ ਨੂੰ “ਵਿਸ਼ਵਾਸੀਆਂ ਦੇ ਪਿਤਾ” ਅਤੇ ਉਸ

ਦੀ ਅੰਸ (ਵੇਖੋ ਰੋਮੀਆਂ 4:16) ਨੂੰ ਬਰਕਤ ਦੇਣ ਤੋਂ ਉਸ ਨੂੰ ਨਹੀਂ ਰੋਕ ਸਕਦੀ ਆਪਣੇ ਨਾਮ ਨੂੰ "ਸਰਬਸ਼ਕਤੀਮਾਨ ਪਰਮੇਸ਼ੁਰ" ਦੇ ਰੂਪ ਵਿਚ ਪਰਗਟ ਕੀਤਾ ਸੀ (17:1)। ਇਸ ਦੇ ਉਲਟ, ਉਹ ਉਨ੍ਹਾਂ ਨੂੰ ਢੇਰ ਸਾਰੀਆਂ ਕੌਮਾਂ ਬਣਾਵੇਗਾ। ਅਬਰਾਹਾਮ, ਇਸਹਾਕ ਅਤੇ ਯਾਕੂਬ ਦੀ ਅੰਸ ਦੇ ਲਈ ਇਸ ਨਾਲੋਂ ਵੀ ਵੱਡੀਆਂ ਬਰਕਤਾਂ ਸੰਭਾਲ ਕੇ ਰੱਖੀਆਂ ਗਈਆਂ ਸਨ, ਜਿਹੜੀ ਗਿਣਤੀ ਵਿਚ ਵੱਧਦੀ ਜਾਵੇਗੀ ਅਤੇ ਮਿਸਰ ਵਿਚ ਇਕ ਵੱਡੀ ਕੌਮ ਬਣ ਜਾਵੇਗੀ। ਉਨ੍ਹਾਂ ਦੀ ਅੰਸ ਕਨਾਨ ਦੇ ਦੇਸ ਅਰਥਾਤ ਵਾਅਦੇ ਦੇ ਦੇਸ ਵਿਚ ਜਾਵੇਗੀ, ਜਿੱਥੇ ਉਹ ਪਰਮੇਸ਼ੁਰ ਦੇ ਨੇਮ ਅਤੇ ਰਾਜਿਆਂ ਦੇ ਰਾਜ ਅਧੀਨ ਰਹਿਣਗੇ (15:13-16, 18; 17:6, 7)। ਬੇਸ਼ੱਕ, ਇਹ ਸਭ ਭਵਿੱਖ ਵਿਚ ਆਉਣ ਵਾਲੀਆਂ ਪੀੜ੍ਹੀਆਂ ਸਨ; ਪਰ, ਪਰਮੇਸ਼ੁਰ ਦੇ ਵਾਅਦੇ ਦੇ ਗਿਆਨ ਨੇ ਪੁਰਖਿਆਂ ਦੀ ਅੰਸ ਨੂੰ ਇਕ ਖ਼ਾਸ ਪਹਿਚਾਣ ਦਿੱਤੀ। ਉਹ ਜਾਣਦੇ ਸਨ ਉਹ ਕੌਣ ਸਨ, ਉਹ ਕਿੱਥੋਂ ਆਏ ਸਨ ਅਤੇ ਉਹ ਕਿੱਥੇ ਜਾ ਰਹੇ ਸਨ। ਪਰਮੇਸ਼ੁਰ ਦੀ ਕਿਰਪਾ ਨਾਲ, ਉਹ ਭਵਿੱਖ ਦੀ ਸੰਤਾਨ ਸਨ।

ਅਬਰਾਹਾਮ ਨੂੰ ਦਿੱਤੇ ਗਏ ਵਿਸ਼ੇਸ਼ ਵਾਅਦੇ ਖੁਸ਼ਖ਼ਬਰੀ ਸੰਦੇਸ਼ ਦੀ ਸ਼ੁਰੂਆਤ ਸਨ। ਪਰਮੇਸ਼ੁਰ ਨੇ ਆਪਣੀਆਂ ਯੋਜਨਾਵਾਂ ਨੂੰ ਪਰਗਟ ਕੀਤਾ ਸੀ ਜਦੋਂ ਉਸ ਨੇ ਮਹਾਨ ਪੁਰਖੇ ਨੂੰ ਉਸ ਦੇ ਦੇਸ ਨੂੰ ਛੱਡ ਕੇ ਉਸ ਦੇਸ ਵਿਚ ਜਾਣ ਦੇ ਲਈ ਆਖਿਆ ਸੀ ਜੋ ਇਕ ਦਿਨ ਉਸ ਦਾ ਅਤੇ ਉਸ ਦੀ ਅੰਸ ਦਾ ਹੋਵੇਗਾ (ਗਲਾਤੀਆਂ 3:8, 9)। ਜਦ ਕਦੀ ਵੀ ਪੁਰਖਿਆਂ ਦੀ ਨਿਹਚਾ ਘੱਟਣ ਲੱਗੀ, ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੇ ਵਾਅਦਿਆਂ ਦੇ ਬਾਰੇ ਚੇਤੇ ਕਰਵਾਇਆ। ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਅਸੀਂ ਕੌਣ ਹਾਂ, ਅਸੀਂ ਇੱਥੇ ਕਿਉਂ ਹਾਂ, ਜਾਂ ਪਰਮੇਸ਼ੁਰ ਦੇ ਲੋਕ ਹੋਣ ਦੇ ਨਾਤੇ ਅਸੀਂ ਕਿੱਥੇ ਜਾ ਰਹੇ ਹਾਂ। ਜਦੋਂ ਪੌਲੁਸ ਨੇ ਗਲਾਤਿਯਾ ਵਿਚ ਮਸੀਹੀ ਲੋਕਾਂ ਨੂੰ ਸੰਬੋਧਿਤ ਕੀਤਾ, ਉਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਸੀ ਕਿ ਉਹ ਸੱਭੇ ਪਰਮੇਸ਼ੁਰ ਦੇ ਪੁੱਤ੍ਰ ਹਨ। ਉਸ ਨੇ ਲਿਖਿਆ,

> ਕਿਉਂ ਜੋ ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੋ ਪਰਮੇਸ਼ੁਰ ਦੇ ਪੁੱਤ੍ਰ ਹੋ। ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿੱਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ। ਨਾ ਯਹੂਦੀ ਨਾ ਯੂਨਾਨੀ, ਨਾ ਗੁਲਾਮ ਨਾ ਅਜ਼ਾਦ, ਨਾ ਨਰ ਨਾ ਨਾਰੀ ਹੋ ਸੱਕਦਾ ਹੈ ਕਿਉਂ ਜੋ ਤੁਸੀਂ ਸੱਭੇ ਮਸੀਹ ਯਿਸੂ ਵਿੱਚ ਇੱਕੋ ਹੀ ਹੋ (ਗਲਾਤੀਆਂ 3:26-28)।

ਰਸੂਲ ਨੇ ਇਸ ਵਿਚਾਰ ਨੂੰ ਮਸੀਹ ਦੀ ਇੰਜੀਲ ਨੂੰ ਉਸ ਖੁਸ਼ਖ਼ਬਰੀ ਦੇ ਨਾਲ ਜੋੜਦਿਆਂ ਖਤਮ ਕੀਤਾ ਜੋ ਪਰਮੇਸ਼ੁਰ ਨੇ ਅਬਰਾਹਾਮ ਨੂੰ ਦਿੱਤੀ ਸੀ "ਅਤੇ ਜੇ ਤੁਸੀਂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਬਚਨ ਦੇ ਅਨੁਸਾਰ ਅਧਕਾਰੀ ਹੋ" (ਗਲਾਤੀਆਂ 3:29)।

ਬੇਸ਼ੱਕ, ਯਾਕੂਬ ਸਾਰੀਆਂ ਬਰਕਤਾਂ ਨੂੰ ਨਹੀਂ ਸਮਝਿਆ ਜਿਹੜੀਆਂ ਭਵਿੱਖ ਵਿਚ ਮਿਲਣ ਵਾਲੀਆਂ ਰਹਿੰਦੀਆਂ ਸਨ, ਪਰ ਉਹ ਇਹ ਜ਼ਰੂਰ ਜਾਣਦਾ ਸੀ ਕਿ ਉਸ ਦਾ ਅਤੇ ਉਸ ਦੇ ਪਰਿਵਾਰ ਦਾ ਇਕ ਅਨੋਖਾ ਭਵਿੱਖ ਸੀ। ਪਿਛਲੇ ਕਈ ਵਰਿਹਾਂ ਤੋਂ, ਪਰਮੇਸ਼ੁਰ ਉਸ ਦੇ ਜੀਵਨ ਵਿਚ ਕੰਮ ਕਰਦਾ ਆ ਰਿਹਾ ਸੀ, ਜਿਸ ਤਰ੍ਹਾਂ ਉਹ ਪਹਿਲਾਂ ਉਸ ਦੇ ਪਿਤਾ ਅਤੇ ਉਸ ਦੇ ਦਾਦੇ ਦੇ ਜੀਵਨਾਂ ਵਿਚ ਕੰਮ ਕਰਦਾ ਸੀ। ਉਹ ਖ਼ਾਸ ਪਰਜਾ ਨੂੰ ਪੂਰੇ ਜਗਤ ਦੇ ਲਈ ਬਰਕਤ ਦਾ ਕਾਰਣ ਹੋਣ ਦੇ ਲਈ ਖੜ੍ਹਾ ਕਰ ਰਿਹਾ ਸੀ। ਮਿਸਰ ਵਿਚ, ਯਾਕੂਬ ਨੇ ਨਿੱਜੀ ਤੌਰ ਤੇ "ਸਰਬਸ਼ਕਤੀਮਾਨ ਪਰਮੇਸ਼ੁਰ" ਦੇ ਕੰਮ ਦੀ ਸਾਖੀ ਦਿੱਤੀ ਸੀ (35:11; 43:14; 48:3): ਉਸ ਨੇ ਯਾਕੂਬ ਦੇ ਆਪਣੇ ਪੁੱਤਰ ਨੂੰ ਉਸ ਦੇ ਪਰਿਵਾਰ ਨੂੰ ਨਾਸ ਹੋਣ ਤੋਂ ਬਚਾਉਣ ਦੇ ਲਈ ਉਸ ਮਹਾਨ ਦੇਸ ਵਿਚ ਉੱਚਾ ਕਰਕੇ ਦੂਜੇ ਦਰਜੇ ਦਾ ਅਧਿਕਾਰੀ ਬਣਾਇਆ ਸੀ। ਯੂਸੁਫ਼ ਨੇ ਮਿਸਰੀ ਲੋਕਾਂ ਦੇ ਨਾਲ-ਨਾਲ ਹੋਰ ਬਹੁਤ ਸਾਰੇ ਲੋਕਾਂ ਨੂੰ ਜਿਹੜੇ ਆਲੇ-ਦੁਆਲੇ ਦੇ ਦੇਸਾਂ ਤੋਂ ਉਸ ਵੱਡੇ ਕਾਲ ਦੇ ਦੌਰਾਨ ਜੋ ਪੂਰੀ ਦੁਨੀਆ ਵਿਚ ਫੈਲ ਰਿਹਾ ਸੀ ਮਿਸਰ ਵਿਚ ਆਏ ਉਨ੍ਹਾਂ ਨੂੰ ਭੁੱਖਮਰੀ ਤੋਂ ਬਚਾਉਣ ਦੇ ਲਈ ਪਰਮੇਸ਼ੁਰ ਦੇ ਵਸੀਲੇ ਦੇ ਰੂਪ ਵਿਚ ਕੰਮ ਕੀਤਾ ਸੀ। ਅਬਰਾਹਾਮ ਦੀ ਅੰਸ ਉੱਤੇ ਪਰਮੇਸ਼ੁਰ

ਦੀਆਂ ਬਰਕਤਾਂ ਪਹਿਲਾਂ ਤੋਂ ਹੀ ਅਬਰਾਹਾਮ ਨੂੰ ਦਿੱਤੇ ਗਏ ਪਰਮੇਸ਼ੁਰ ਦੇ ਹੁਕਮ ਅਨੁਸਾਰ ਦੂਜੀਆਂ ਕੌਮਾਂ ਤੱਕ ਫੈਲ ਰਹੀਆਂ ਸਨ।

*ਪਰਿਪੱਕ ਨਿਹਚਾ ਸਾਨੂੰ ਹਲੀਮ ਬਣਾਈ ਰੱਖੇਗੀ ਅਤੇ ਇਹ ਕਬੂਲ ਕਰਨ ਵਿਚ ਮਦਦ ਕਰੇਗੀ ਕਿ ਜ਼ਰੂਰੀ ਨਹੀਂ ਹੈ ਕਿ ਪਰਮੇਸ਼ੁਰ ਦੇ ਰਾਹ ਸਾਡੇ ਰਾਹ ਹਨ।* ਯੂਸੁਫ਼ ਨੂੰ ਇਕ ਵਾਰ ਫੇਰ ਇਸ ਸੱਚਾਈ ਦੇ ਬਾਰੇ ਚੇਤੇ ਕਰਾਇਆ ਗਿਆ ਜਦੋਂ ਉਹ ਆਪਣੇ ਦੋ ਪੁੱਤਰਾਂ ਨੂੰ ਆਪਣੇ ਬਿਰਧ ਪਿਤਾ ਦੇ ਕੋਲ ਲਿਆਇਆ ਤਾਂ ਕਿ ਉਹ ਮਰਨ ਤੋਂ ਪਹਿਲਾਂ ਉਨ੍ਹਾਂ ਨੂੰ ਬਰਕਤ ਦੇ ਸਕੇ। ਦੇਹਾਂਤ ਤੋਂ ਪਹਿਲਾਂ ਦਿੱਤੀ ਜਾਣ ਵਾਲੀ ਅਸੀਸ ਯਾਕੂਬ ਦੇ ਲਈ ਇੰਨੀ ਜ਼ਿਆਦਾ ਮਹੱਤਵਪੂਰਣ ਸੀ ਕਿ ਉਸ ਨੇ ਇਸ ਅਸੀਸ ਨੂੰ ਪ੍ਰਾਪਤ ਕਰਨ ਦੇ ਲਈ ਆਪਣੇ ਪਿਤਾ ਨੂੰ ਧੋਖਾ ਦਿੱਤਾ ਅਤੇ ਉਸ ਦਾ ਦਿਲ ਤੋੜਿਆ ਸੀ। ਬੇਸ਼ੱਕ, ਯੂਸੁਫ਼ ਜਾਣਦਾ ਸੀ ਕਿ ਜੋ ਕੁਝ ਵੀ ਉਸ ਦੇ ਕੋਲ ਸੀ ਸਭ ਪਰਮੇਸ਼ੁਰ ਦਾ ਸੀ, ਜਿਸ ਨੇ ਉਸ ਨੂੰ ਭਰਪੂਰ ਬਰਕਤ ਦਿੱਤੀ ਅਤੇ ਉਸ ਨੂੰ ਇਕ ਗੁਲਾਮ-ਕੈਦੀ ਤੋਂ ਚੁੱਕ ਕੇ ਮਿਸਰ ਦਾ ਇਕ ਧਨੀ ਅਤੇ ਸ਼ਕਤੀਸ਼ਾਲੀ ਅਧਿਕਾਰੀ ਅਤੇ ਉਸ ਦੇ ਆਪਣੇ ਲੋਕਾਂ ਦਾ ਬਚਾਉਣ ਵਾਲਾ ਬਣਾਇਆ ਸੀ। ਬਦਕਿਸਮਤੀ ਨਾਲ, ਉਹ ਲੋਕ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਬਹੁਤ ਸਾਰਾ ਗਿਆਨ, ਧਨ ਦੌਲਤ ਅਤੇ ਸ਼ਕਤੀ ਦਿੱਤੀ ਹੈ ਇਹ ਸੋਚਣ ਦੇ ਲਈ ਪਰਤਾਏ ਜਾ ਸਕਦੇ ਹਨ ਕਿ ਉਹ ਕੁਝ ਵੀ ਗਲਤ ਨਹੀਂ ਕਰ ਸਕਦੇ; ਉਹ ਉਨ੍ਹਾਂ ਦੀ ਆਪਣੀ ਇੱਛਾ ਨੂੰ ਪਰਮੇਸ਼ੁਰ ਦੀ ਇੱਛਾ ਨਾਲ ਉਲਝਾ ਸਕਦੇ ਹਨ।

ਬਿਲਕੁਲ ਇਸੇ ਤਰ੍ਹਾਂ ਹੀ ਹੋਇਆ ਜਦੋਂ ਯੂਸੁਫ਼ ਨੇ ਉਨ੍ਹਾਂ ਮੁੰਡਿਆਂ ਨੂੰ ਉਨ੍ਹਾਂ ਦੇ ਦਾਦੇ ਦੇ ਸਾਹਮਣੇ ਲਿਆ ਖੜ੍ਹਾ ਕੀਤਾ, ਜਿਹੜਾ ਤਕਰੀਬਨ ਅੰਨ੍ਹਾ ਸੀ, ਤਾਂ ਕਿ ਸੁਭਾਵਕ ਤੌਰ ਤੇ ਯਾਕੂਬ ਆਪਣਾ ਸੱਜਾ ਹੱਥ ਮਨੱਸ਼ਹ ਉੱਤੇ ਧਰੇ ਅਤੇ ਉਸ ਦਾ ਖੱਬਾ ਹੱਥ ਅਸਾਨੀ ਨਾਲ ਇਫ਼ਰਾਈਮ ਦੇ ਸਿਰ ਤੇ ਧਰਿਆ ਜਾਵੇ (48:13)। ਯਾਕੂਬ ਨੇ ਜਾਣਬੁੱਝ ਕੇ ਆਪਣੇ ਹੱਥਾਂ ਨੂੰ ਬਦਲ ਦਿੱਤਾ ਤਾਂ ਕਿ ਉਸ ਦਾ ਸੱਜਾ ਹੱਥ ਇਫ਼ਰਾਈਮ ਅਤੇ ਉਸ ਦਾ ਖੱਬਾ ਹੱਥ ਮਨੱਸ਼ਹ ਦੇ ਸਿਰ ਤੇ ਧਰਿਆ ਜਾਵੇ (48:14) ਜਦੋਂ ਉਸ ਨੇ ਅਸੀਸਾਂ ਦੇਣੀਆਂ ਸ਼ੁਰੂ ਕੀਤੀਆਂ (48:15, 16)। ਜਦੋਂ ਯੂਸੁਫ਼ ਨੇ ਆਪਣੇ ਪਿਤਾ ਨੂੰ ਇਸ ਤਰ੍ਹਾਂ ਕਰਦੇ ਵੇਖਿਆ, ਉਸ ਨੇ ਉਹ ਨੂੰ ਸਹੀ ਕਰਨ ਦੀ ਕੋਸ਼ਿਸ਼ ਕੀਤੀ ਜੋ ਉਸ ਨੂੰ ਗਲਤ ਲੱਗਾ (48:17, 18)। ਇਸ ਮੌਕੇ ਤੇ, ਯਾਕੂਬ, ਜਿਹੜਾ ਤਕਰੀਬਨ ਅੰਨ੍ਹਾ ਸੀ, ਉਸ ਕੋਲ ਪਰਮੇਸ਼ੁਰ ਦੀ ਇੱਛਾ ਦਾ ਯੂਸੁਫ਼ ਨਾਲੋਂ ਬਿਤਹਰ ਆਤਮਿਕ ਬੋਧ ਸੀ। ਆਮ ਤੌਰ ਤੇ, ਇਹ ਯੂਸੁਫ਼ ਸੀ ਜਿਸ ਦੀ ਆਤਮਿਕ ਨਜ਼ਰ ਕਾਫੀ ਤੇਜ਼ ਸੀ, ਪਰ ਉਹ ਇਸ ਅਸੀਸ ਦੇ ਸੰਬੰਧ ਵਿਚ ਪਰਮੇਸ਼ੁਰ ਦੀ ਇੱਛਾ ਦੇ ਪ੍ਰਤੀ ਅੰਨ੍ਹਾ ਸੀ। ਇਸ ਲਈ, ਯਾਕੂਬ ਨੇ ਆਪਣੇ ਹੱਥਾਂ ਨੂੰ ਬਦਲਣ ਬਾਰੇ ਯੂਸੁਫ਼ ਦੀ ਬੇਨਤੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਮਨੱਸ਼ਹ ਨੂੰ ਪਹਿਲ ਦਿੱਤੀ। ਉਸ ਦਾ ਜਵਾਬ ਸਿਰਫ ਇਹ ਸੀ ਮੈਂ ਜਾਣਦਾ ਹਾਂ ਮੇਰੇ ਪੁੱਤ੍ਰ ਮੈਂ ਜਾਣਦਾ ਹਾਂ। ਇਸ ਬਿਰਧ ਮਨੁੱਖ ਨੇ ਆਪਣੇ ਦੋਹਾਂ ਪੋਤਰਿਆਂ ਨੂੰ ਅਸੀਸ ਦਿੱਤੀ ਸੀ, ਪਰ ਉਸ ਨੇ ਮਨੱਸ਼ਹ ਨੂੰ ਜੋ ਅਸੀਸ ਦਿੱਤੀ ਸੀ ਉਸ ਨਾਲੋਂ ਵੱਡੀ ਅਸੀਸ ਇਫ਼ਰਾਈਮ ਨੂੰ ਦਿੱਤੀ ਸੀ (48:19)।

ਪਹਿਲਾਂ ਯਾਕੂਬ ਦੀ ਜ਼ਿੰਦਗੀ ਵਿਚ, ਯਾਕੂਬ ਧੋਖੇਬਾਜ਼ ਸੀ ਅਤੇ ਉਸ ਨੇ ਖੁਦ ਅਕਸਰ ਧੋਖਾ ਦਿੱਤਾ ਸੀ ਅਤੇ ਉਸ ਨੂੰ ਉਸ ਦੇ ਆਪਣੇ ਬੁਰੇ ਕੰਮਾਂ ਦੇ ਨਤੀਜਿਆਂ ਨੂੰ ਪਹਿਲਾਂ ਤੋਂ ਹੀ ਵੇਖਣ ਵਿਚ ਮੁਸ਼ਕਲ ਹੋਈ ਸੀ। ਕਈ ਤਰੀਕਿਆਂ ਨਾਲ, ਯਾਕੂਬ ਪਰਮੇਸ਼ੁਰ ਦੀ ਬੁੱਧ ਦੇ ਅਨੁਸਾਰ ਨਹੀਂ, ਪਰ ਸੰਸਾਰ ਦੀ ਬੁੱਧ ਦੇ ਅਨੁਸਾਰ ਚੱਲਿਆ ਸੀ (ਯਾਕੂਬ 3:13-18)। ਪਰ, ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲਾਂ ਵਿਚ ਅਤੇ ਖ਼ਾਸ ਕਰਕੇ ਮੌਤ ਦੀ ਛਾਵੇਂ, ਉਹ ਉਸ ਤਰ੍ਹਾਂ ਦਾ ਮਨੁੱਖ ਬਣਿਆ ਜਿਸ ਤਰ੍ਹਾਂ ਦਾ ਮਨੁੱਖ ਪਰਮੇਸ਼ੁਰ ਚਾਹੁੰਦਾ ਸੀ ਕਿ ਉਹ ਬਣੇ। ਹਾਲਾਂਕਿ ਉਸ ਨੇ ਬਹੁਤ ਵਾਰ ਆਪਣੇ ਆਪ ਨੂੰ ਵਿਗਾੜਿਆ, ਤਾਂ ਵੀ ਸਦੀਪਕ ਘੁਮਿਆਰ ਉਸ ਨੂੰ ਬਾਰ-ਬਾਰ ਬਣਾਉਂਦਾ

ਰਿਹਾ ਅਤੇ ਆਖ਼ਰਕਾਰ ਉਹ ਆਦਰ ਦਾ ਭਾਂਡਾ ਬਣਿਆ (ਯਿਰਮਿਯਾਹ 18:3, 4) ਜਿਹੜਾ ਸਹੀ ਸਮੇਂ ਤੇ ਸਹੀ ਕੰਮ ਕਰੇਗਾ। ਉਹ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਕੰਮ ਕਰ ਰਿਹਾ ਸੀ ਜਦੋਂ ਉਸ ਨੇ ਮਨੱਸ਼ਹ ਦੀ ਬਜਾਇ ਇਫ਼ਰਾਈਮ ਨੂੰ ਵੱਡੀ ਅਸੀਸ ਦਿੱਤੀ। ਯਾਕੂਬ ਆਪ ਸਭ ਤੋਂ ਛੋਟਾ ਪੁੱਤਰ ਸੀ ਜਿਸ ਨੂੰ ਉਸ ਦੇ ਵੱਡੇ ਭਰਾ ਏਸਾਓ ਦੀ ਬਰਕਤ ਨੂੰ ਪ੍ਰਾਪਤ ਕਰਨ ਦੇ ਲਈ ਠਹਿਰਾਇਆ ਸੀ। ਪਰ, ਉਸ ਨੇ ਇਹ ਬਰਕਤ ਧੋਖੇ ਅਤੇ ਝੂਠ ਨਾਲ ਪ੍ਰਾਪਤ ਕੀਤੀ ਸੀ (25:21-34; 27:1-41)। ਬਿਰਧ ਅਵਸਥਾ ਵਿਚ, ਉਹ ਸ਼ਾਇਦ ਪਰਮੇਸ਼ੁਰ ਵੱਲੋਂ ਦਿੱਤੀ ਗਈ ਬੁੱਧ ਨਾਲ ਸਮਝ ਗਿਆ ਸੀ[16] ਕਿ ਯੂਸੁਫ਼ ਦੇ ਛੋਟੇ ਪੁੱਤਰ ਦੀ ਅੰਸ ਉਸ ਦੇ ਵੱਡੇ ਪੁੱਤਰ ਦੀ ਅੰਸ ਨਾਲੋਂ ਵੱਧ ਹੋਵੇਗੀ। ਇਸ ਲਈ, ਉਹ ਯੂਸੁਫ਼ ਦੇ ਇਤਰਾਜ਼ਾਂ ਦੇ ਬਾਵਜੂਦ ਇਫ਼ਰਾਈਮ ਨੂੰ ਵੱਡੀ ਅਸੀਸ ਦੇਣ ਵਿਚ ਸਪੱਸ਼ਟ ਸੀ।

ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਬਾਈਬਲ ਦੇ ਪਾਤਰਾਂ ਨੂੰ ਕਈ ਵਾਰ ਰੱਬੀ ਬੁੱਧ ਦਿੱਤੀ ਗਈ ਸੀ ਜਿਸ ਨੇ ਉਨ੍ਹਾਂ ਨੂੰ ਭਵਿੱਖ ਦੀਆਂ ਘਟਨਾਵਾਂ ਬਾਰੇ ਪਹਿਲਾਂ ਹੀ ਦੱਸਣ ਦੇ ਯੋਗ ਬਣਾਇਆ ਸੀ, ਜਿਵੇਂ ਕਿ ਯੂਸੁਫ਼ ਨੇ ਕੀਤਾ ਸੀ। ਅਜਿਹੇ ਵਿਅਕਤੀ ਦੇ ਲਈ ਉਸ ਦੀ ਆਪਣੀ ਇੱਛਾ ਨੂੰ ਪਰਮੇਸ਼ੁਰ ਦੀ ਇੱਛਾ ਨਾਲ ਉਲਝਾਉਣ ਦੇ ਦੁਖਦਾਈ ਨਤੀਜੇ ਹੋ ਸਕਦੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਯੂਸੁਫ਼ ਨੇ ਸੋਚਿਆ ਸੀ ਕਿ ਉਹ ਮਨੱਸ਼ਹ ਅਤੇ ਇਫ਼ਰਾਈਮ ਦੀਆਂ ਭੂਮਿਕਾਵਾਂ ਬਾਰੇ ਸਹੀ ਸੀ, ਇਸ ਲਈ ਉਸ ਨੇ ਆਪਣੇ ਪਿਤਾ ਦੀਆਂ ਅਸੀਸਾਂ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਸੀ। ਭਾਵੇਂ ਇਹ ਕਿੰਨਾ ਵੀ ਮੁਸ਼ਕਲ ਪ੍ਰਤੀਤ ਹੁੰਦਾ ਹੋਵੇ, ਇਸ ਵਾਰ ਯੂਸੁਫ਼ – ਜਿਸ ਨੇ ਭਵਿੱਖ ਦੇ ਬਾਰੇ ਬਿਲਕੁਲ ਸਹੀ ਨਬੂਵਤ ਕੀਤੀ ਸੀ – ਆਪਣੇ ਪੁੱਤਰਾਂ ਭਵਿੱਖ ਸੰਬੰਧੀ ਗਲਤ ਸੀ। ਉਸ ਨੂੰ ਇੰਨਾ ਤਾਂ ਪਤਾ ਸੀ, ਇਸ ਲਈ ਉਸ ਨੇ ਇਸ ਮੁੱਦੇ ਤੇ ਯਾਕੂਬ ਨੂੰ ਚੁਣੌਤੀ ਨਹੀਂ ਦਿੱਤੀ ਤਾਂ ਕਿ ਇਸ ਦੇ ਕਾਰਣ ਕਿਤੇ ਉਨ੍ਹਾਂ ਦੇ ਰਿਸ਼ਤੇ ਵਿਚ ਕੋਈ ਦਰਾਰ ਨਾ ਪੈ ਜਾਵੇ। ਸ਼ਾਇਦ ਉਹ ਸਮਝ ਗਿਆ ਸੀ ਕਿ ਜ਼ਰੂਰੀ ਨਹੀਂ ਕਿ ਮਨੁੱਖ ਦੇ ਰਾਹ ਪਰਮੇਸ਼ੁਰ ਦੇ ਰਾਹ ਹੁੰਦੇ ਹਨ (ਯਸਾਯਾਹ 55:8, 9)।

ਇਸ ਸਿਧਾਂਤ ਦਾ ਇਕ ਹੋਰ ਉਦਾਹਰਣ ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਲਿਖਤ ਵਿਚ ਮਿਲਦਾ ਹੈ, ਜਿਸ ਨੇ ਯਿਸੂ ਦੇ ਪਰਮੇਸ਼ੁਰ ਦਾ ਪੁੱਤ੍ਰ ਹੋਣ ਦੇ ਰੂਪ ਵਿਚ ਉਸ ਦੇ ਮਸੀਹ ਹੋਣ ਸੰਬੰਧੀ ਬਿਲਕੁਲ ਸਹੀ ਸਾਖੀ ਦਿੱਤੀ ਸੀ (ਮਰਕੁਸ 1:1-11; ਯੂਹੰਨਾ 1:19-34)। ਯੂਹੰਨਾ ਜਦੋਂ ਕੈਦਖਾਨੇ ਵਿਚ ਸੀ ਤਾਂ ਉਸ ਨੇ ਆਪਣੇ ਚੇਲਿਆਂ ਨੂੰ ਯਿਸੂ ਕੋਲੋਂ ਇਹ ਪੁੱਛਣ ਦੇ ਲਈ ਘੱਲਿਆ ਕਿ "ਜਿਹੜਾ ਆਉਣ ਵਾਲਾ [ਮਸੀਹਾ] ਸੀ ਉਹ ਤੂੰ ਹੀ ਹੈਂ ਯਾ ਅਸੀਂ ਕਿਸੇ ਹੋਰ ਨੂੰ ਉਡੀਕੀਏ?" (ਮੱਤੀ 11:3)। ਯਿਸੂ ਨੇ ਯੂਹੰਨਾ ਦੇ ਚੇਲਿਆਂ ਨੂੰ ਨਬੂਵਤ ਅਨੁਸਾਰ ਗਰੀਬਾਂ ਨੂੰ ਖੁਸ਼ਖ਼ਬਰੀ ਸੁਣਾਉਣ ਅਤੇ ਬਿਮਾਰਾਂ ਨੂੰ ਚੰਗਾ ਕਰਨ ਦੀ ਆਪਣੀ ਸੇਵਕਾਈ ਦਾ ਜ਼ਿਕਰ ਕਰਦਿਆਂ ਆਪਣੇ ਮਸੀਹਾ ਹੋਣ ਦੀ ਪੁਸ਼ਟੀ ਕੀਤੀ ਸੀ (ਮੱਤੀ 11:4, 5; ਵੇਖੋ ਯਸਾਯਾਹ 35:5; 61:1)। ਯੂਹੰਨਾ ਦੀ ਇਸ ਪੁੱਛ-ਪੜਤਾਲ ਦੇ ਲਈ ਯਿਸੂ ਨੇ ਯੂਹੰਨਾ ਦੇ ਚੇਲਿਆਂ ਹੱਥ ਵਾਪਸ ਉਸ ਨੂੰ ਜੋ ਸੁਨੇਹਾ ਭੇਜਿਆ ਸੀ ਉਹ ਇਸ ਸੀ ਕਿ "ਧੰਨ ਉਹ ਹੈ ਜੋ ਮੇਰੇ ਕਾਰਨ ਠੋਕਰ ਨਾ ਖਾਵੇ" (ਮੱਤੀ 11:6)। ਯੂਹੰਨਾ ਨੇ ਯਿਸੂ ਨੂੰ ਜੋ ਸਵਾਲ ਪੁੱਛਿਆ ਸੀ ਉਸ ਦੇ ਕਾਰਣ ਯਿਸੂ ਨੇ ਯੂਹੰਨਾ ਦੀ ਨਬੂਵਤੀ ਸੇਵਕਾਈ ਦੀ ਵੈਧਤਾ ਦਾ ਇਨਕਾਰ ਨਹੀਂ ਸੀ ਕੀਤਾ; ਬਲਕਿ, ਉਸ ਨੇ ਆਖਿਆ ਕਿ ਯੂਹੰਨਾ ਸਾਰੇ ਨਬੀਆਂ ਨਾਲੋਂ ਵੱਡਾ ਹੈ (ਮੱਤੀ 11:10, 11) ਕਿਉਂਕਿ ਉਸ ਨੇ ਉਹ ਦੀ ਅਤੇ ਉਸ ਦੇ ਰਾਜ ਦੀ ਸਾਖੀ ਦਿੱਤੀ ਸੀ।

ਪਰਮੇਸ਼ੁਰ ਨੇ ਯੂਹੰਨਾ ਨੂੰ ਆਉਣ ਵਾਲੇ ਰਾਜ ਦੇ ਸੁਭਾਅ ਬਾਰੇ ਨਹੀਂ ਸੀ ਦੱਸਿਆ; ਇਸ ਲਈ, ਉਸ ਨੇ ਵੀ, ਆਪਣੇ ਸਾਥੀ ਯਹੂਦੀਆਂ ਦੇ ਵਾਂਗ, ਸੋਚਿਆ ਕਿ ਮਸੀਹਾ ਇਕ ਯਹੂਦੀ

ਰਾਜਨੀਤਿਕ/ਫ਼ੌਜੀ ਰਾਜ ਸਥਾਪਤ ਕਰੇਗਾ, ਦੁਸ਼ਟ ਹੇਰੋਦੇਸ ਨੂੰ ਉਸ ਦੀ ਰਾਜਗੱਦੀ ਤੋਂ ਹਟਾ ਦੇਵੇਗਾ ਅਤੇ ਰੋਮੀਆਂ ਨੂੰ ਫਲਿਸਤੀਨ ਵਿੱਚੋਂ ਬਾਹਰ ਕੱਢ ਦੇਵੇਗਾ। ਹਾਲਾਂਕਿ ਉਸ ਦੇ ਵਿਚ ਪੂਰੀ ਸਮਝ ਦੀ ਕਮੀ ਸੀ, ਯੂਹੰਨਾ ਨੇ ਲੋਕਾਂ ਨੂੰ ਯਿਸੂ ਦੇ ਬਾਰੇ ਜੋ ਸਾਖੀ ਦਿੱਤੀ ਉਹ ਸੱਚ ਸੀ: ਯਿਸੂ ਮਸੀਹਾ (ਪਰਮੇਸ਼ੁਰ ਦਾ ਪੁੱਤਰ) ਅਤੇ ਉਸ ਦੇ ਸਦੀਪਕ ਰਾਜ ਉੱਤੇ ਪਾਤਸ਼ਾਹ ਸੀ (ਵੇਖੋ 2 ਸਮੂਏਲ 7:12-16; ਜ਼ਬੂਰਾਂ 2:6, 7; 110:1, 2, 4)। ਇਹ ਹਵਾਲੇ ਪਹਿਲਾਂ ਦਾਊਦ ਅਤੇ ਸੁਲੇਮਾਨ ਦੇ ਰਾਹੀਂ ਪੂਰੇ ਹੋਏ ਸਨ, ਪਰ ਉਨ੍ਹਾਂ ਦੇ ਅਖ਼ੀਰਲੀ ਵਾਰ ਪੂਰੇ ਹੋਣ ਵਿਚ ਯਿਸੂ ਮਸੀਹ ਦੀ ਮੌਤ, ਦਫ਼ਨਾਇਆ ਜਾਣਾ ਅਤੇ ਜੀ ਉੱਠਣਾ ਸ਼ਾਮਲ ਸੀ। ਚਾਲ੍ਹੀ ਦਿਨ ਉਹ ਚੇਲਿਆਂ ਦੇ ਨਾਲ ਰਿਹਾ ਅਤੇ ਸੁਰਗ ਨੂੰ ਉਠਾਏ ਜਾਣ ਤੋਂ ਪਹਿਲਾਂ ਉਸ ਨੇ ਉਨ੍ਹਾਂ ਨੂੰ ਇਸ ਗੱਲ ਦਾ ਠੋਸ ਸਬੂਤ ਦਿੱਤਾ ਕਿ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ। ਆਖ਼ਰਕਾਰ, ਪੈਂਟੀਕਾਸਟ ਦੇ ਦਿਨ, ਰਸੂਲਾਂ ਉੱਤੇ ਪਵਿੱਤਰ ਆਤਮਾ ਉੱਤਰਿਆ। ਪਤਰਸ ਨੇ ਪਰਚਾਰ ਕਰਨਾ ਸ਼ੁਰੂ ਕੀਤਾ ਕਿ ਯਿਸੂ ਨਬੂਵਤਾਂ ਨੂੰ ਪੂਰਾ ਕਰਨ ਦੇ ਲਈ ਸੁਰਗ ਵਿਚ ਦਾਊਦ ਦੀ ਗੱਦੀ ਉੱਤੇ ਜਾ ਬੈਠਾ ਹੈ। ਪਤਰਸ ਦੇ ਸੰਦੇਸ਼ ਦਾ ਨਤੀਜਾ ਅਦਭੁਤ ਸੀ: ਤਿੰਨ ਹਜ਼ਾਰ ਲੋਕਾਂ ਨੇ ਆਪਣੇ ਪਾਪਾਂ ਤੋਂ ਤੋਬਾ ਕੀਤਾ ਅਤੇ ਖੁਸ਼ਖ਼ਬਰੀ ਦਾ ਪਾਲਣ ਕਰਕੇ ਸਦੀਪਕ, ਸੁਰਗੀ ਰਾਜ ਦੇ ਨਾਗਰਿਕ ਬਣ ਗਏ (ਰਸੂਲਾਂ ਦੇ ਕਰਤੱਬ 2:22-47)।

ਮਸੀਹਾ ਅਤੇ ਉਸ ਦੇ ਰਾਜ ਦੇ ਸੁਭਾਅ ਅਤੇ ਕੰਮਾਂ ਬਾਰੇ ਨਬੂਵਤਾਂ ਬਹੁਤ ਸਾਰੀਆਂ ਅਤੇ ਵੱਖੋ-ਵੱਖਰੀਆਂ ਸਨ। ਕਿਸੇ ਨਬੀ ਨੂੰ ਵੀ ਮਸੀਹਾ ਦੇ ਵਿਅਕਤਿਤਵ ਅਤੇ ਉਸ ਦੇ ਰਾਜ ਦੇ ਸੁਭਾਅ ਬਾਰੇ ਪੂਰੀ ਸੱਚਾਈ ਨਹੀਂ ਸੀ ਦਿੱਤੀ ਗਈ। ਬਲਕਿ, ਪਰਮੇਸ਼ੁਰ ਨੇ ਲੰਬੇ ਸਮੇਂ ਦੌਰਾਨ ਅਤੇ ਭਿੰਨ-ਭਿੰਨ ਹਾਲਾਤਾਂ ਵਿਚ ਵੱਖ-ਵੱਖ ਨਬੀਆਂ ਤੇ ਆਪਣੀ ਯੋਜਨਾ ਦੇ ਵੱਖ-ਵੱਖ ਹਿੱਸਿਆਂ ਅਤੇ ਵਿਸ਼ੇਸ਼ਤਾਵਾਂ ਨੂੰ ਪਰਗਟ ਕੀਤਾ ਸੀ (1 ਪਤਰਸ 1:10, 11)। ਇਹ ਗੱਲ ਅਬਰਾਹਾਮ ਦੀ ਅੰਸ ਦੇ ਭਵਿੱਖ ਬਾਰੇ ਵੀ ਸੱਚ ਸੀ। ਇਹ ਵਿਚਾਰ ਕਿ ਪਰਮੇਸ਼ੁਰ ਦੇ ਲੋਕ, ਯਾਕੂਬ ਦੇ ਰਾਹੀਂ, ਵੱਧ ਕੇ ਬਾਰਾਂ ਗੋਤ ਬਣ ਜਾਣਗੇ ਅਤੇ ਉਨ੍ਹਾਂ ਦੀਆਂ ਵਾਅਦੇ ਦੇ ਦੇਸ ਵਿਚ ਵੱਖ-ਵੱਖ ਭੂਮਿਕਾਵਾਂ ਹੋਣਗੀਆਂ ਲੰਬੇ ਸਮੇਂ ਦੌਰਾਨ ਵੱਖ-ਵੱਖ ਵਿਅਕਤੀਆਂ ਦੁਆਰਾ ਹੌਲੀ-ਹੌਲੀ ਪਰਗਟ ਕੀਤਾ ਗਿਆ ਸੀ।

---

ਟਿੱਪਣੀਆਂ

[1]*ਓਲਮ* ਦਾ ਅਰਥ ਹਮੇਸ਼ਾ "ਸਦੀਪਕ" ਨਹੀਂ ਹੁੰਦਾ; ਇੱਥੇ ਇਸ ਦਾ ਅਰਥ ਹੈ "ਅਨਾਦੀ ਕਾਲ" ਜਾਂ "ਲੰਬੇ ਸਮੇਂ ਤੱਕ" ਹੈ (13:14, 15 ਤੇ ਟਿੱਪਣੀਆਂ ਵੇਖੋ)। [2]ਯਾਕੂਬ ਨੇ ਇਫ਼ਰਾਈਮ ਤੋਂ ਪਹਿਲਾਂ ਮਨੱਸ਼ਹ ਦਾ ਨਾਉਂ ਲਿਆ, ਹਾਲਾਂਕਿ ਮਨੱਸ਼ਹ ਪਲੋਠਾ ਸੀ। ਇਸ ਤਰਤੀਬ ਦੀ ਮਹੱਤਤਾ ਸਪੱਸ਼ਟ ਹੁੰਦੀ ਜਾਂਦੀ ਹੈ ਜਿਵੇਂ-ਜਿਵੇਂ ਇਹ ਕਹਾਣੀ ਅੱਗੇ ਵਧਦੀ ਜਾਂਦੀ ਹੈ। [3]ਇਕ ਹੋਰ ਮਾਮਲੇ ਲਈ ਜਿੱਥੇ ਪੋਤਰਿਆਂ ਨੂੰ ਪ੍ਰਾਚੀਨ ਮਸੋਪੋਤਾਮੀਆ ਵਿਚ ਉਨ੍ਹਾਂ ਦੇ ਦਾਦੇ ਦੁਆਰਾ ਗੋਦ ਲਿਆ ਗਿਆ ਸੀ, ਆਈਸਾਕ ਮੈਂਡਲਸਹਨ ਦੀ ਪੁਸਤਕ "ਏ ਯੁਗਾਰੀਟਿਕ ਪੈਰਾਲਲ ਟੂ ਦਿ ਅਡੌਪਸ਼ਨ ਆਫ਼ ਇਫ਼ਰਾਈਮ ਅਤੇ ਮਨੱਸੇਹ," *ਇਜਰਾਈਲ ਇਕਸਪਲੋਰੇਸ਼ਨ ਜਰਨਲ* 9, ਨੰ. 3 (1959): ਦੇ ਸਫ਼ੇ 180-83 ਵੇਖੋ। [4]ਜੇਠਾ ਹੋਣ ਦੇ ਹੱਕ ਦੀ ਬਰਕਤ ਉਸ ਵਿਅਕਤੀ ਨੂੰ ਮਿਲਖ ਦਾ ਦੁਗਣਾ ਹਿੱਸਾ ਦਿੰਦੀ ਸੀ ਜਿਸ ਨੂੰ ਇਹ ਬਰਕਤ ਮਿਲਦੀ ਸੀ। ਪਰ, ਇਸ ਮਾਮਲੇ ਵਿਚ, ਇਹ ਯੂਸੁਫ਼ ਨੂੰ ਸੌਂਪੀ ਗਈ ਸੀ ਅਤੇ ਉਸ ਦੇ ਰਾਹੀਂ ਉਸ ਦੇ ਦੋ ਪੁੱਤਰਾਂ, ਇਫ਼ਰਾਈਮ ਅਤੇ ਮਨੱਸ਼ਹ ਨੂੰ ਸੌਂਪੀ ਗਈ ਸੀ ਜਿਨ੍ਹਾਂ ਨੂੰ ਯਾਕੂਬ ਨੇ ਉਸ ਦੇ ਆਪਣੇ ਪੁੱਤਰਾਂ ਦੇ ਰੂਪ ਵਿਚ ਗੋਦ ਲਿਆ ਸੀ। [5]ਕੈਨੇਥ ਏ. ਮੈਥਿਊਜ, *ਜੈਨੇਸਿਸ 11:27-50:26*; ਦ ਨਿਊ ਅਮੈਰੀਕਨ ਕਮੈਂਟਰੀ, ਜਿਲਦ. 1B (ਨੈਸ਼ਵਿਲੇ: ਬਰੋਡਮੈਨ ਐਂਡ ਹੋਲਮਨ ਪਬਲਿਸ਼ਰਜ਼, 2005), 875. [6]ਬਸੂਰ ਕੇ. ਵਾਲਟਕੀ, *ਜੈਨੇਸਿਸ: ਏ ਕਮੈਂਟਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ ਪਬਲਿਸ਼ਰਜ਼, 2001), 597. [7]ਇਬਰਾਨੀਆਂ 11:21 ਕਹਿੰਦੀ ਹੈ ਕਿ ਯਾਕੂਬ ਨੇ "ਮਰਨ ਲੱਗਿਆਂ" ਯੂਸੁਫ਼ ਦੇ ਪੁੱਤਰਾਂ ਨੂੰ ਅਸੀਸ ਦਿੱਤੀ। [8]ਵਚਨ ਵਿਚ, ਸੱਜੇ ਹੱਥ ਵਾਲੇ ਪਾਸੇ ਨੂੰ ਹਮੇਸ਼ਾ ਵਿਸ਼ੇਸ਼ ਆਦਰ ਅਤੇ ਬਰਕਤ ਦੀ ਥਾਂ ਸਮਝਿਆ ਜਾਂਦਾ ਸੀ (ਜ਼ਬੂਰ 110:1; ਮੱਤੀ 25:33; ਇਬਰਾਨੀਆਂ 1:3)। [9]ਜੇਠੇ ਪੁੱਤਰ ਨੂੰ ਦੁਗਣਾ ਹਿੱਸਾ ਦੇਣ ਦੀ ਰੀਤ ਬਾਅਦ ਵਿਚ ਮੂਸਾ ਦੀ ਸ਼ਰਾ ਦਾ ਵੀ ਹਿੱਸਾ ਬਣ ਗਈ (ਬਿਵਸਥਾ ਸਾਰ 21:15-17)। [10]ਯਾਕੂਬ ਦੇ ਵਰਣਨ ਵਿਚ "ਦੂਤ" ਸ਼ਬਦ

“ਪਰਮੇਸ਼ੁਰ” ਦੇ ਸਮਾਨਾਂਤਰ ਹੈ। ਬਾਈਬਲ ਦੇ ਬਹੁਤ ਸਾਰੇ ਹਵਾਲੇ “ਯਹੋਵਾਹ ਦੇ ਦੂਤ” ਦਾ ਉਸ ਵਜੋਂ ਹਵਾਲਾ ਦਿੰਦੇ ਹਨ ਜਿਸ ਨੇ ਯਹੋਵਾਹ ਦੇ ਰੂਪ ਵਿਚ ਗੱਲ ਕੀਤੀ ਅਤੇ ਉਸ ਨੂੰ ਦਰਸਾਉਂਦਾ ਸੀ (16:7-13; 18:1-20)। “ਮਨੁੱਖ” ਜਿਸ ਦੇ ਨਾਲ ਯਾਕੂਬ ਨੇ ਘੋਲ ਕੀਤਾ ਸੀ ਉਸ ਨੂੰ “ਪਰਮੇਸ਼ੁਰ” ਕਿਹਾ ਗਿਆ ਸੀ ਅਤੇ ਪਰਤੱਖ ਰੂਪ ਵਿਚ ਯਹੋਵਾਹ ਦਾ ਦੂਤ ਸੀ (32:24-30)।

[11]ਵਿਕਟਰ ਪੀ. ਹੈਮਿਲਟਨ, *ਦ ਵਰਡਬੁਕ ਆਫ਼ ਦਿ ਓਲਡ ਟੈਸਟਾਮੈਂਟ* (*TWOT*) ਵਿਚ 2:924-25 ਤੇ “שְׁכֶם” ਹੈ। [12]ਕੁਝ ਅਨੁਵਾਦਾਂ ਵਿਚ 48:22 ਵਿਚ “ਸ਼ਕਮ” ਹੈ (NAB; NJB; TEV) ਹੈ, ਜਦ ਕਿ ਕੁਝ ਹੋਰ ਅਨੁਵਾਦਾਂ ਵਿਚ ਅਸੀਂ “ਪਹਾੜੀ ਢਲਾਣ” (RSV; ESV) ਜਾਂ “ਜ਼ਮੀਨ ਦਾ ਟਿੱਲਾ” (NIV) ਹੈ। [13]“ਅਮੋਰੀ” ਇਕ ਆਮ ਨਾਂ ਸੀ ਜਿਹੜਾ ਕਨਾਨ ਵਿਚ ਇਸਰਾਏਲੀ ਤੋਂ ਪਹਿਲਾਂ ਰਹਿਣ ਵਾਲੇ ਵਾਸੀਆਂ ਦਾ ਹਵਾਲਾ ਦਿੰਦਾ ਸੀ (15:16) ਜਿਸ ਵਿਚ ਸ਼ਕਮ ਵਿਚ ਰਹਿਣ ਵਾਲੇ ਹਿੱਵੀ ਵੀ ਸ਼ਾਮਲ ਸਨ (34:2)। [14]ਸ਼ਿਮਓਨ ਦਾ ਗੋਤ ਬਾਅਦ ਯਹੂਦਾਹ ਦੇ ਗੋਤ ਵਿਚ ਰਲ ਗਿਆ ਸੀ ਅਤੇ ਲੇਵੀ ਦੇ ਗੋਤ ਨੂੰ ਜ਼ਮੀਨ ਦਾ ਕੋਈ ਇਲਾਕਾ ਨਹੀਂ ਸੀ ਮਿਲਿਆ। ਬਲਕਿ, ਉਨ੍ਹਾਂ ਨੂੰ ਪੂਰੇ ਕਨਾਨ ਦੇਸ ਵਿਚ ਲੇਵੀਆਂ ਦੇ ਸ਼ਹਿਰ ਦਿੱਤੇ ਗਏ ਸਨ। [15]ਟੋਲੀ ਨੇ ਉਨ੍ਹਾਂ ਦੀਆਂ ਮੂਰਤੀਆਂ ਨੂੰ ਛੱਡ ਦਿੱਤਾ, ਜਿਨ੍ਹਾਂ ਵਿਚ ਘਰੇਲੂ ਬੁੱਤ ਵੀ ਸ਼ਾਮਲ ਸਨ ਜਿਹੜੇ ਰਾਖੇਲ ਆਪਣੇ ਪਿਤਾ ਦੇ ਘਰੋਂ ਚੋਰੀ ਕਰਕੇ ਲਿਆਈ ਸੀ (31:30-35) ਅਤੇ ਉਨ੍ਹਾਂ ਨੂੰ ਸ਼ਕਮ ਦੇ ਨੇੜੇ ਬਲੂਤ ਦੇ ਰੁੱਖ ਹੇਠਾਂ ਦੱਬ ਦਿੱਤਾ (35:4)। [16]ਯਾਕੂਬ ਆਪਣੇ ਦੋ ਪੋਤਰਿਆਂ ਦੀ ਅੰਸ ਦੇ ਭਵਿੱਖ ਨੂੰ ਸੈਂਕੜਾਂ ਸਾਲ ਪਹਿਲਾਂ ਹੋਰ ਕਿਵੇਂ ਜਾਣ ਸਕਦਾ ਸੀ, ਜਦੋਂ ਤੱਕ ਪਰਮੇਸ਼ੁਰ ਉਸ ਨੂੰ ਨਾ ਦੱਸਦਾ?